ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਸਾਚੁ ਕਹੋਂ ਸੁਨ ਲੇਹੁ ਸਭੈ
## ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ

"ਗੁਰੂ ਗੋਬਿੰਦ ਸਿੰਘ ਜੀ"

FEB. 98 ਫਰਵਰੀ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | | | |
|---|---|---|---|---|---|
| ੧ | ਬਿਨੁ ਸਤਿਗੁਰ ਕਿਨੈ ਨ ਪਾਈ ਪਰਮਗਤੇ | ੧ | ੭ | ਦਾੜ੍ਹੀ ਦੀ ਮਹੱਤਤਾ | ੨੩ |
| ੨ | ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ | ੩ | ੮ | ਅੰਮ੍ਰਿਤ ਵੇਲਾ (ਕਵਿਤਾ) | ੨੭ |
| ੩ | ਭਗਤ ਬਰਾਬਰਿ ਅਉਰ ਨ ਕੋਇ | ੮ | ੯ | ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | ੨੮ |
| ੪ | ਹੇ ਕਾਮੰ ਨਰਕ ਬਿਸ੍ਰਾਮੰ | ੧੧ | ੧੦ | ਭੋਜਨ ਵਿਚ ਸਰਬ ਲੋਹ ਦੀ ਅਵੱਸ਼ਕਤਾ | ੩੧ |
| ੫ | ਇਕੋ ਜੋਤਿ | ੧੫ | ੧੧ | ਗੁਰਮਤਿ ਕਰਮ ਫਿਲਾਸਫੀ | ੩੪ |
| ੬ | ਪ੍ਰੇਮ | ੧੭ | | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਪਾ: ੭ ਅਵਤਾਰ ਧਾਰਿਆ | ੯ ਫਰਵਰੀ | ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ) | ੧੧ ਫਰਵਰੀ |
| ਜਨਮ ਭਗਤ ਰਵਿਦਾਸ ਜੀ | ੧੧ ਫਰਵਰੀ | ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੨੧ ਫਰਵਰੀ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫਿਸ "ਸੂਰਾ" – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫੇਜ਼, ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭, ਘਰ: ੨੩੧੫੨੦
੧੧. ਜਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ, ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ ਸੂਰਾਂ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ, ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੨
ਫਰਵਰੀ ੧੯੯੮
ਅੰਕ ੨

ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

# ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ।।

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ।। ਪੂਜਾ ਕਰਹਿ ਬਹੁਤੁ ਬਿਸਥਾਰਾ।।
ਕਰਿ ਇਸਨਾਨੁ ਤਨਿ ਚਕ੍ਰ ਬਣਾਏ।। ਅੰਤਰ ਕੀ ਮਲੁ ਕਬ ਹੀ ਨ ਜਾਏ।।੧।।
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ।। ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ।।੧।। ਰਹਾਉ।।
ਪਾਪ ਕਰਹਿ ਪੰਚਾਂ ਕੇ ਬਸਿ ਰੇ।। ਤੀਰਥ ਨਾਇ ਕਹਹਿ ਸਭਿ ਉਤਰੇ।।
ਬਹੁਰਿ ਕਮਾਵਹਿ ਹੋਇ ਨਿਸੰਕ।। ਜਮਪੁਰਿ ਬਾਂਧਿ ਖਰੇ ਕਾਲੰਕ।।੨।।
ਘੂਘਰ ਬਾਧਿ ਬਜਾਵਹਿ ਤਾਲਾ।। ਅੰਤਰਿ ਕਪਟੁ ਫਿਰਹਿ ਬੇਤਾਲਾ।।
ਵਰਮੀ ਮਾਰੀ ਸਾਪੁ ਨ ਮੂਆ।। ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂੰ ਕੀਆ।।੩।।
ਪੂੰਅਰ ਤਾਪ ਗੇਰੀ ਕਾ ਬਸਤ੍ਰਾ।। ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ।।
ਦੇਸੁ ਛੋਡਿ ਪਰਦੇਸਹਿ ਧਾਇਆ।। ਪੰਚ ਚੰਡਾਲ ਨਾਲੇ ਲੈ ਆਇਆ।।੪।।
ਕਾਨ ਫਰਾਇ ਹਿਰਾਏ ਟੂਕਾ।। ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ।।
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ।। ਵੇਸਿ ਨ ਪਾਈਐ ਮਹਾ ਦੁਖਿਆਰੀ।।੫।।
ਬੋਲੈ ਨਾਹੀ ਹੋਇ ਬੈਠਾ ਮੋਨੀ।। ਅੰਤਰਿ ਕਲਪ ਭਵਾਈਐ ਜੋਨੀ।।
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ।। ਹੁਕਮੁ ਨ ਬੂਝੈ ਵਿਆਪਿਆ ਮਮਤਾ।।੬।।
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ।। ਪੂਛਹੁ ਸਗਲ ਬੇਦ. ਸਿੰਮ੍ਰਿਤੇ।।
ਮਨਮੁਖ ਕਰਮ ਕਰੈ ਅਜਾਈ।। ਜਿਉ ਬਾਲੂ ਘਰ ਠਉਰ ਨ ਠਾਈ।।੭।।
ਜਿਸ ਨੋ ਭਏ ਗੋੁਬਿੰਦ ਦਇਆਲਾ।। ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ।।
ਕੋਟਿ ਮਧੇ ਕੋਈ ਸੰਤੁ ਦਿਖਾਇਆ।। ਨਾਨਕੁ ਤਿਨ ਕੈ ਸੰਗਿ ਤਰਾਇਆ।।੮।।
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ।। ਆਪਿ ਤਰੈ ਸਭੁ ਕੁਟੰਬੁ ਤਰਾਈਐ।।੧।। ਰਹਾਉ ਦੂਜਾ।।੨।।

(ਪ੍ਰਭਾਤੀ ਮ: ੫, ਪੰਨਾ ੧੩੪੭-੪੮)



www.AKJ.Org

ਵਿਆਖਿਆ :- ਬਹੁ ਪ੍ਰਕਾਰ ਦੀਆਂ ਤੇ ਬਾਹਲੇ ਵਿਸਥਾਰ ਦੀਆਂ ਬਹੁਤ ਲੰਮ-ਚੜ੍ਹਾਉ ਦੀਆਂ ਭਾਵੇਂ ਕਿੰਨੀਆਂ ਹੀ ਪੂਜਾ ਪ੍ਰਸਤਸ਼ਾਂ ਕੋਈ ਆਨਮਤੀ ਕਰ ਲਵੇ, ਪਰ ਉਸ ਦੇ ਮਨ ਦਾ ਕ੍ਰੋਧ ਅਤੇ ਮਹਾਂ ਅਹੰਕਾਰ ਨਹੀਂ ਮਿਟਦਾ, ਪੂਜਾਵਾਂ ਕੀਤੀਆਂ ਐਵੇਂ ਬਿਰਥੀਆਂ ਹੀ ਜਾਂਦੀਆਂ ਹਨ। ਬੈਸ਼ਨਵ ਕਰਮ ਧਰਮੀ ਲੋਗ ਜੋ ਨ੍ਹਾ ਧੋ ਕੇ ਤਨ ਉਪਰ ਚਕ੍ਰ ਦੇ ਨਿਸ਼ਾਨ ਲਾਉਂਦੇ ਹਨ, ਇਹ ਸਭਿ ਪਾਖੰਡ ਕਿਰਿਆ ਹੀ ਹੈ। ਕਿਉਂਕਿ ਇਸ ਪਾਖੰਡ ਦੁਆਰਾ ਉਹਨਾਂ ਦੇ ਅੰਦਰ ਦੀ ਮੈਲ ਕਦੇ ਨਹੀਂ ਜਾਂਦੀ। ਇਹਨਾਂ ਪਾਖੰਡ ਕਰਮ ਸੰਜਮਾਂ ਦੁਆਰਾ ਵਾਹਿਗੁਰੂ ਨੂੰ ਕਿਸੇ ਨਹੀਂ ਪਾਇਆ। ਵਿਸ਼ਨੂੰ ਦੇ ਭਗਤਾਂ ਵਾਲੇ ਭੇਖ ਚਿੰਨ੍ਹ (ਮੁਦ੍ਰਾ) ਲਾਇਆਂ ਭੀ ਕੁਛ ਨਹੀਂ ਸੌਰਦਾ ਉਹਨਾਂ ਭੇਖੀਆਂ ਦਾ। ਮਨ ਤਾਂ ਫੇਰ ਭੀ ਮਾਇਆ ਨਾਲਿ ਹੀ ਮੋਹਿਆ ਰਹਿੰਦਾ ਹੈ। ਆਨਮਤ ਤੀਰਥ ਨ੍ਹਾਉਂਦਾ ਹੈ, ਪਰ ਤੀਰਥ ਨ੍ਹਾਤਿਆਂ ਪਾਪ ਕਮਾਉਣ ਦੀ ਵਹਿਬਤ (ਵਾਦੀ) । ਸਦਾ ਪੰਜਾਂ ਦੂਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵਸਿ ਵਿਚਿ ਪਿਆ ਪਾਪ ਕਮਾਉਂਦਾ ਰਹਿੰਦਾ ਹੈ, ਹਟਦਾ ਨਹੀਂ। ਐਵੇਂ ਲੋਕਾਂ ਭਾਣੇ ਕਹਿੰਦਾ ਫਿਰਦਾ ਹੈ, ਤੀਰਥ ਨ੍ਹਾਇਆਂ ਪਾਪ ਸਭ ਉਤਰ ਗਏ। ਉਤਰਨ ਦੀ ਨਿਸ਼ਾਨੀ ਇਹ ਹੈ ਕਿ ਬਹੁਰ ਪਾਪ ਨਾ ਕਮਾਵਹਿ। ਸਗੋਂ ਓਦੂੰ ਦੁਗਣੇ ਕਮਾਉਂਦਾ ਹੈ। ਪਾਪਾਂ ਦੀ ਮੈਲ ਨਹੀਂ ਜਾਂਦੀ। ਏਸੇ ਰਹਿ ਗਈ ਮੈਲ ਦੇ ਕਾਰਨ ਸਗੋਂ ਨਿਸੰਕ ਹੋ ਕੇ ਹੋਰ ਪਾਪ ਕਮਾਉਂਦਾ ਹੈ। ਇਹ ਕਲੰਕ (ਪਾਪ) ਉਸਨੂੰ ਜਮਪੁਰੀ ਵਿਖੇ ਬੰਨ੍ਹ ਕੇ ਲੈ ਜਾਂਦਾ ਹੈ। ਪੈਰਾਂ ਨੂੰ ਘੁੰਗਰੂ ਬੰਨ੍ਹ ਕੇ, ਹਥਾਂ ਨਾਲਿ ਤਾਲ ਬਜਾ ਬਜਾ ਆਨਮਤਿ ਗੀਤ ਗਾਉਂਦੇ ਹਨ। ਪਰ ਅੰਦਰਲਾ ਕਪਟ ਇਉਂ ਨਹੀਂ ਜਾਂਦਾ। ਬੇਸੁਰੇ ਤੇ ਬੇਮੁਹਾਰੇ ਹੀ ਫਿਰਦੇ ਰਹਿੰਦੇ ਹਨ। ਸੱਪ ਦੀ ਖੁਡ ਪੁੱਟਿਆਂ ਸੱਪ ਨਹੀਂ ਮਰਦਾ। ਏਸੇ ਤਰ੍ਹਾਂ ਤਨ ਨੂੰ ਤਸੀਹੇ ਦਿਤੀਆਂ ਮਨ ਵਸਿ ਨਹੀਂ ਆਉਂਦਾ। ਮਨ ਦੀ ਗਤਿ ਕਰਨੇਹਾਰਾ ਪ੍ਰਭੂ ਭਲੀ ਬਿਧਿ ਜਾਣਦਾ ਹੈ। ਕਦੇ ਧੂਣੀ ਤਾਪਦਾ ਹੈ, ਕਦੇ ਗੇਰੂ ਰੰਗ ਦੇ ਬਸਤਰ ਪਹਿਨ ਕੇ ਭੇਖੀ ਸਾਧ ਬਣਿ ਬਹਿੰਦਾ ਹੈ। ਬਿਪਤਾ ਦਾ ਮਾਰਿਆ, ਕੰਮ ਕਾਜ ਤੋਂ ਡਰਦਾ ਹੋਇਆ ਘਰ ਤੋਂ ਨਸ ਕੇ ਸਾਧ ਬਣ ਜਾਂਦਾ ਹੈ। ਆਪਣਾ ਵਤਨ ਦੇਸ਼ ਛਡ ਕੇ ਪਰਦੇਸੀਂ ਪਿਆ ਫਿਰਦਾ ਹੈ। ਪਰ ਥਾਉਂ ਥਾਈ ਧਾਇਆ ਮਨ ਵਸਿ ਨਹੀਂ ਆਉਂਦਾ। ਪੰਜ ਚੰਡਾਲ ਤਾਂ ਜਿਥੇ ਜਾਂਦਾ ਹੈ, ਉਸ ਦੇ ਨਾਲਿ ਹੀ ਚਿਮੜੇ ਰਹਿੰਦੇ ਹਨ। ਟੁੱਕਰ ਮੰਗਣ ਦੀ ਖ਼ਾਤਰ ਕੰਨ ਪੜਵਾ ਦਿਤੇ। ਜੋਗੀ ਬਣ ਜਾਂਦਾ ਹੈ। ਪਰ ਹਾਜਤ ਉਸ ਦੀ ਮਿਟਦੀ ਨਹੀਂ। ਕੁੱਤੇ-ਝਾਕਣੀ ਜਾਂਦੀ ਨਹੀਂ। ਤ੍ਰਿਪਤੀ ਨਹੀਂ ਆਉਂਦੀ। ਘਰਿ ਘਰਿ ਟੁੱਕਰ ਮੰਗਿਆਂ ਸਗੋਂ ਹੋਰ ਤ੍ਰਿਸ਼ਨਾ ਵਧਦੀ ਹੈ। ਸੁਪਨੇ ਵਿਚਿ ਭੀ ਉਸ ਨੂੰ ਟੁੱਕਰ ਹੀ ਦੀਹਦੇ ਹਨ। ਟੁੱਕਰਾਂ ਦੇ ਹੀ ਜਮ੍ਹਾ ਕਰਨ ਦੇ ਸੁਪਨੇ ਆਉਂਦੇ ਹਨ। ਆਪਣੀ ਘਰ ਦੀ ਨਾਰ ਤਿਆਗ ਕੇ ਆਪਣੇ ਜਾਣੇ ਤਿਆਗੀ ਬਣਦਾ ਹੈ। ਪਰਾਈ ਇਸਤ੍ਰੀ ਨੂੰ ਦੇਖਣ ਦੀ ਬੁਰੀ ਦ੍ਰਿਸ਼ਟੀ ਵਾਲੀ ਬਾਣ ਵਧੇਰੀ ਪੈ ਜਾਂਦੀ ਹੈ, ਅੰਤ ਗਲ ਦੀ ਫਾਸ ਬਣ ਜਾਂਦੀ ਹੈ। ਵੇਸ ਭੇਖ ਕੀਤਿਆਂ ਪਰਮਾਤਮਾ ਨਹੀਂ ਮਿਲਦਾ, ਸਗੋਂ ਪਾਖੰਡ ਭੇਖਾਂ ਦੇ ਕਾਰਨ ਉਸਦੀ ਦਸ਼ਾ ਮਹਾਂ ਦੁਖਿਆਰੀ ਹੋ ਜਾਂਦੀ ਹੈ। ਬੋਲਦਾ ਨਹੀਂ, ਮੋਨੀ ਹੋ ਕੇ ਬਹਿ ਜਾਂਦਾ ਹੈ। ਪਰ ਮਨ ਦੇ ਸੰਕਲਪ ਵਿਕਲਪ ਮਿਟਦੇ ਨਹੀਂ। ਜਿਸ ਕਾਰਨ ਇਹ ਪਾਖੰਡ ਭੇਖ ਉਸਨੂੰ ਜੋਨੀਆਂ ਵਿਚ ਭਵਾਉਂਦੇ ਹਨ। ਅੰਨ ਤੋਂ ਰਹਿਤ ਹੋ ਕੇ ਦੁਖ ਦੇਹੀ ਤੇ ਸਹਿੰਦਾ ਹੈ। ਅਪਣੀ ਸ਼ੁਹਰਤ ਦੀ ਲਗਨ (ਮਮਤਾ) ਵਿਚ ਗਲਤਾਨ ਹੋਇਆ ਵਿਆ ਵਾਹਿਗੁਰੂ ਦੇ ਸੱਚੇ ਹੁਕਮ ਤੋਂ ਘੁਥਿਆ ਹੀ ਰਹਿੰਦਾ ਹੈ। ਸਤਿਗੁਰ ਦੀ ਸਿਖਿਆ ਬਿਨਾਂ ਕਿਸੇ ਭੀ ਅਨਮਤੀ ਕਰਮ-ਕਾਂਡੀ ਨੇ ਕਰਮ-ਗਤਿ ਨਹੀਂ ਪਾਈ। ਸਗਲੇ ਸਿਮ੍ਰਿਤ ਬੇਦ ਸ਼ਾਸਤ੍ਰ ਸੋਧ ਕੇ ਦੇਖ ਲਏ ਅਤੇ ਇਹਨਾਂ ਸਿਮ੍ਰਿਤ ਬੇਦ ਸ਼ਾਸਤ੍ਰਾਂ ਤੇ ਚਲਣ ਵਾਲਿਆਂ ਆਨਮਤ- ਕਰਮੀਆਂ ਨੂੰ ਭੀ ਸੋਧ ਕੇ ਦੇਖ ਲਿਆ। ਮਨਮੁਖਾਂ ਆਨਮਤੀਆਂ ਦੇ ਕੀਤੇ ਅਜਾਈਂ ਹੀ ਜਾਂਦੇ ਹਨ, ਜਿਵੇਂ ਬਾਲੂ ਰੇਤ ਦਾ ਘਰੁ ਉਸਾਰਿਆ ਥਿਰ ਨਹੀਂ ਰਹਿੰਦਾ, ਫੇਰ ਢਹਿ ਪੈਂਦਾ ਹੈ। ਜਿਸ ਵਡਿਭਾਗੇ ਗੁਰਮੁਖ ਜਨ ਉਤੇ ਗੋਬਿੰਦ ਦਇਆਲੂ ਹੁੰਦਾ ਹੈ, ਉਸ ਨੂੰ ਗੁਰੂ ਦੁਆਰਿਓਂ (ਗੁਰੂ ਨਾਨਕ ਦੇ ਦੁਆਰਿਓਂ) ਗੁਰਦੀਖਿਆ ਮਿਲਦੀ ਹੈ। ਉਹ ਗੁਰੂ ਦੇ ਸਿੱਖ ਸਚਿਆਰ ਬਣ ਕੇ ਗੁਰੂ ਦੇ ਬਚਨ ਗੁਰਮੰਤਰ ਨੂੰ ਗਹਿ ਕੈ ਲੜਿ ਬੰਨ੍ਹ ਲੈਂਦੇ ਹਨ ਤੇ ਰਸਨਾ ਤੇ ਥਿਠਾ ਲੈਂਦੇ ਹਨ, ਅੰਤਰ ਆਤਮੇ ਪਰੋ ਲੈਂਦੇ ਹਨ। ਕੋਟਾਂ ਵਿਚੋਂ ਕੋਈ ਐਸਾ ਗੁਰਦੀਖਤ ਸੰਤ ਪ੍ਰਗਟਾਇਆ ਹੈ। ਐਸੇ ਗੁਰ ਨਾਨਕ ਦੇ ਘਰ ਦੇ ਗੁਰਦੀਖਤ ਸੰਤ ਦੇ ਸੰਗ ਬਹਿ ਕੇ ਨਿਸਤਾਰਾ ਹੁੰਦਾ ਹੈ ਅਤੇ ਕਰਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਜੇ ਮਸਤਕ ਭਾਗ ਹੋਵੇ ਤਾਂ ਐਸੇ ਗੁਰੂ ਵਰੋਸਾਏ ਸੰਤ ਭਗਤ ਗੁਰਮੁਖ ਜਨ ਦਾ ਦਰਸ਼ਨ ਨਸੀਬ ਹੋਵੇ। ਜਿਸ ਦਰਸ਼ਨ ਦੇ ਪਰਤਾਪ ਨਾਲਿ ਦਰਸ਼ਨ ਕਰਨਹਾਰਾ ਅਤੇ ਉਸ ਦਾ ਸਾਰਾ ਕੁੱਟੰਬ ਪਰਵਾਰ ਭੀ ਤਰ ਜਾਂਦਾ ਹੈ। ਆਵਾਗਵਨ ਦੇ ਬਿਨਾਸ ਲਈ ਲਖਾਂ

(ਬਾਕੀ ਪੰਨਾ ੧੦ ਤੇ ...)


www.AKJ.Org

# ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ ਕਿਵੇਂ ਹੋਇਆ ?

(ਵਲੋਂ -ਗੁਰਪੁਰਵਾਸੀ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਇਕ ਸਜਣ ਸ਼ੰਕਾ ਕਰਦੇ ਹਨ ਕਿ ਜੇ ਸਤਿਨਾਮ ਕੇਵਲ ਗੁਰੂ ਸਾਹਿਬ ਨੇ ਹੀ ਦ੍ਰਿੜਾਇਆ ਹੈ ਅਤੇ ਜੇ ਕੇਵਲ ਸਤਿਨਾਮ ਦੁਆਰਾ ਹੀ ਸੰਸਾਰੀ ਜੀਵਾਂ ਦੇ ਸੱਚੇ ਉਧਾਰ ਅਤੇ ਕਲਿਆਣ-ਉਪਕਾਰ ਦਾ ਸੱਚਾ ਧੁਰਵਾ ਬਝਦਾ ਹੈ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਮਨੁਖਾਂ ਦਾ ਸਚਾ ਕਲਿਆਨ-ਉਧਾਰ ਕਿਵੇਂ ਹੋਇਆ, ਕਿਉਂਕਿ ਤੱਤ ਉਧਾਰ ਤਾਂ ਕੇਵਲ ਸਤਿਨਾਮ ਦਵਾਰਾ ਹੀ ਹੋਣਾ ਗੁਰਮਤਿ ਸਿਧਾਂਤ ਅਨੁਸਾਰ ਸਿਧ ਕੀਤਾ ਗਿਆ ਹੈ ?

ਇਸ ਦੇ ਉਤਰ ਵਿਚ ਅਸੀਂ ਗਜ ਵਜ ਕੇ ਅਤੇ ਡੰਕੇ ਦੀ ਚੋਟ ਨਾਲ ਆਖਦੇ ਹਾਂ ਅਤੇ ਇਕ ਵਾਰ ਨਹੀਂ ਲਖ ਲਖ ਵਾਰ ਆਖਦੇ ਹਾਂ ਕਿ ਮਨੁਖਾਂ ਦਾ ਸੱਚਾ ਉਧਾਰ ਅਤੇ ਸੱਚਾ ਕਲਿਆਨ-ਮਈ ਉਪਕਾਰ ਗੁਰਮਤਿ ਸਿਧਾਂਤ ਅਨੁਸਾਰ ਕੇਵਲ ਸਤਿਨਾਮ ਦਵਾਰਾ ਹੀ ਸੰਭਵ ਹੈ ਅਤੇ ਇਹ ਸਤਿਨਾਮ ਕੇਵਲ ਸਤਿਗੁਰ ਨਾਨਕ ਸਾਹਿਬ ਦਵਾਰਾ ਹੀ ਪ੍ਰਗਟ ਹੋਇਆ। ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਨੇ ਆਪਣੀ ਬਚਿਤਰ ਨਾਟਕ ਬਾਣੀ ਦਵਾਰਾ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਨਿਤਾਰ ਦਿਤਾ ਹੈ ਕਿ ਇਸ ਮਾਤ ਲੋਕ ਵਿਖੇ ਜਿਤਨੇ ਅਵਤਾਰ, ਅੰਬੀਆ ਅਤੇ ਪੈਗੰਬਰ ਆਏ, ਅਰਥਾਤ ਅਕਾਲ ਪੁਰਖ ਵਲੋਂ ਜੀਵਾਂਦੀ ਕਲਿਆਣ ਨਮਿਤ ਪਠਾਏ ਗਏ ਉਨ੍ਹਾਂ ਸੰਬੰਧੀ ਕਥਨ ਹੈ :-

ਸਭ ਅਪਨੀ ਅਪਨੀ ਉਰਝਾਨਾ।
ਪਾਰਬ੍ਰਹਮ ਕਾਹੂ ਨ ਪਛਾਨਾ।
ਪੁਨਾ- ਜੋ ਪ੍ਰਭ ਪਰਮ ਪੁਰਖ ਉਪਜਾਏ।
ਤਿਨ ਤਿਨ ਅਪਨੇ ਰਾਹ ਚਲਾਏ।
ਪੁਨਾ- ਜਿਨਿ ਜਿਨਿ ਤਨਿਕ ਸਿਧ ਕੋ ਪਾਯੋ।
ਤਿਨ ਤਿਨ ਅਪਨਾ ਰਾਹੁ ਚਲਾਯੋ।
ਪਰਮੇਸਰ ਨ ਕਿਨਹੂੰ ਪਹਿਚਾਨਾ।
ਮਮ ਉਚਾਰ ਤੇ ਭਯੋ ਦਿਵਾਨਾ।੧੬।
ਪਰਮ ਤਤ ਕਿਨਹੂੰ ਨ ਪਛਾਨਾ।
ਆਪ ਆਪ ਭੀਤਰਿ ਉਰਝਾਨਾ।...੧੭।
(ਬਚਿਤ੍ਰ ਨਾਟਕ, ਅਧਿਆਇ ੬)
ਸਭ ਤੇ ਅਪਨਾ ਨਾਮੁ ਜਪਾਯੋ।
ਸਤਿਨਾਮੁ ਕਾਹੂੰ ਨ ਦ੍ਰਿੜਾਯੋ।

ਬਸ ਇਹ ਗੱਲ ਤਾਂ ਸ੍ਰੀ ਨਾਨਕ-ਦਸਮੇਸ਼ ਦੇ ਉਚਾਰੇ ਵਾਕਾਂ ਦੀ ਪੁਸ਼ਟੀ ਦਵਾਰਾ ਸਿਧ ਹੋ ਗਈ ਕਿ 'ਸਤਿਨਾਮੁ ਕਾਹੂੰ ਨ ਦ੍ਰਿੜਾਯੋ।' ਸਤਿਗੁਰ ਨਾਨਕ ਤੋਂ ਪ੍ਰਿਥਮ ਸਤਿਨਾਮ ਕਿਸੇ ਨੇ ਭੀ ਨਹੀਂ ਦ੍ਰਿੜਾਇਆ। ਦ੍ਰਿੜਾਉਂਦਾ ਕਿਥੋਂ ? ਧੁਰ ਅਕਾਲ ਪੁਰਖ ਦੀ ਦਰਗਹ ਤੋਂ ਇਹ ਸਤਿਨਾਮ ਸਤਿਗੁਰ ਨਾਨਕ ਬਾਝੋਂ ਕਿਸੇ ਨੂੰ ਪ੍ਰਾਪਤ ਹੀ ਨਹੀਂ ਹੋਇਆ। ਪ੍ਰਾਪਤ ਹੁੰਦਾ ਕਿਥੋਂ? ਕਿਸੇ ਇਸ ਗੱਲ ਦੀ ਪਰਵਾਹ ਹੀ ਨਹੀਂ ਕੀਤੀ ਕਿ ਜੀਵਾਂ ਦਾ ਉਧਾਰ ਕਿਸ ਬਿਧ ਹੋਣਾ ਹੈ, ਉਨ੍ਹਾਂ ਨੂੰ ਤਾਂ ਆਪਣੀ ਆਪਣੀ ਪੈ ਗਈ। ਉਹ ਤਾਂ ਏਸੇ ਗੱਲ ਫੁਲ ਬੈਠੇ ਕਿ ਸਾਨੂੰ ਆਕਾਸ਼-ਬਾਣੀ ਹੋਈ ਹੈ ਕਿ ਜਾਉ ਤੁਸੀਂ ਜੀਵਾਂ ਦਾ ਉਧਾਰ ਕਰੋ। ਤੁਸੀਂ ਰਹਿਬਰ ਥਾਪੇ ਗਏ। ਬਸ ਏਤਨੇ ਵਿਚ ਹੀ ਉਹ ਬਫਾ ਗਏ। ਇਸ ਬਫਣ-ਬਫਾਈ ਵਾਲੀ ਹਉਮੈ ਦੀ ਕਾਂਪ ਤੋਂ ਬਚੇ ਤਾਂ ਕੇਵਲ ਗੁਰੂ ਨਾਨਕ-ਦਸਮੇਸ਼ ਜੀ ਹੀ ਬਚੇ। ਆਹਾ ! ਕਿਸ ਕਮਾਲ ਦੀ ਨਿਮਰ ਬਿਰਤੀ ਵਿਚ ਲੀਨ ਹੋ ਕੇ ਸ੍ਰੀ ਦਸਮੇਸ਼ ਜੀ ਉਚਾਰਦੇ ਹਨ :-'ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ।' ਅਤੇ ਅਕਾਲ ਪੁਰਖ ਵਲੋਂ ਕੀ ਹੁਕਮ ਮਿਲਦਾ ਹੈ-

ਮੈਂ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪਰਚੁਰ ਕਰਬੇ ਕਹੁ ਸਾਜਾ।
ਜਾਹਿ ਤਹਾ ਤੈ ਧਰਮੁ ਚਲਾਇ।
ਕੁਬੁਧਿ ਕਰਨ ਤੇ ਲੋਕ ਹਟਾਇ ।੨੯।

ਇਸ ਅਕਾਲ ਪੁਰਖੀ ਹੁਕਮ ਦੇ ਉੱਤਰ ਵਿਚ ਦੇਖੋ ਸ੍ਰੀ ਦਸਮੇਸ਼ ਜੀ ਕਿਵੇਂ ਨਿਮਰੀ ਭੂਤ ਹੋ ਕੇ ਉਚਾਰਦੇ ਹਨ-

ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮਹਿ, ਜਬ ਤੁਮ ਕਰਹੁ ਸਹਾਇ।

ਸਤਿਗੁਰ ਨਾਨਕ ਦੇਵ ਜੀ ਅਕਾਲ ਪੁਰਖ ਦੇ ਪਠਾਏ ਹੋਏ ਆਏ ਅਤੇ ਧੁਰ ਦਰਗਾਹੋਂ ਹੁਕਮ ਲੈ ਕੇ ਆਏ, ਪਰ ਜਦੋਂ ਆਏ ਅਤੇ ਜਦੋਂ ਕਦੋਂ ਭੀ ਹੋਰ ਅਨੇਕ ਬ੍ਰਹਿਮੰਡਾਂ ਦੇ ਉਧਾਰ ਉਪਕਾਰ ਨਮਿਤ ਆਉਂਦੇ ਰਹੇ, ਤਦ ਗੁਰੂ ਬਾਬੇ ਨੇ ਆਉਂਦੇ ਹੀ ਆਪ-ਹੁਦਰੇ ਕੁਛ ਨਹੀਂ ਕੀਤਾ। ਫੇਰ ਧੁਰ ਸਚਖੰਡ ਪਹੁੰਚ ਕੇ ਹੁਕਮ ਲਿਆ ਅਤੇ ਲੈਂਦੇ ਰਹੇ ਅਤੇ ਅਕਾਲ ਪੁਰਖ ਨੂੰ ਗੁਰੂ ਧਾਰ ਕੇ ਗੁਰ-ਦੀਖਿਆ ਪਾਈ। ਸਚੀ ਇਨਸੀਏਸ਼ਨ ਪ੍ਰਾਪਤ ਕੀਤੀ ਤੇ ਕਰਦੇ ਰਹੇ। ਹਾਂ ਜੀ, ਨਉਨਿਧ ਨਾਮ ਗਰੀਬੀ ਵਾਲੀ ਪਾਈ ਗੁਰਮੁਖ ਦਾਤ ਇਲਾਹੀ-



www.AKJ.Org

"ਗੁਰਮੁਖਿ ਪਾਈ ਦਾਤਿ ਇਲਾਹੀ।"
ਹਾਂ ਜੀ-
"ਬਾਬਾ ਪੈਧਾ ਸਚਖੰਡਿ, ਨਉਨਿਧਿ ਨਾਮੁ ਗਰੀਬੀ ਪਾਈ।"

ਇਸ ਬਿਧ ਵਾਲੇ ਪੂਰਨੇ ਪਾਏ ਅਤੇ ਪਾਉਂਦੇ ਰਹੇ। ਸਤਿਨਾਮ ਦੀ ਸੱਚੀ ਦਾਤ ਪ੍ਰਾਪਤ ਕਰ ਕੇ, ਧੁਰ ਦਾਤੇ ਦੇ ਦਰਬਾਰੋਂ ਪ੍ਰਾਪਤ ਕਰ ਕੇ, ਗੁਰੂ ਬਾਬੇ ਨੇ, ਸਤਿਗੁਰ ਨਾਨਕ ਸਚੇ ਪਾਤਸ਼ਾਹ ਨੇ ਸਤਿਨਾਮ ਦਾ ਛਾਂਦਾ ਮਾਤ ਲੋਕ ਵਿਖੇ ਆ ਕੇ ਵਰਤਾਇਆ। ਨਾ ਕੇਵਲ ਇਸ ਭਾਰਤ ਭੂਮੀ (ਹਿੰਦੁਸਤਾਨ) ਅੰਦਰ ਹੀ, ਬਲਕਿ ਸਾਰੀ ਨਵਖੰਡ ਮੇਦਨੀ ਵਿਖੇ ਇਸੇ ਸਤਿਨਾਮ ਦਾ ਚਕਰ ਫਿਰਾਇਆ-

ਗੜ੍ਹ ਬਗਦਾਦੁ ਨਿਵਾਇ ਕੈ, ਮਕਾ ਮਦੀਨਾ ਸਭ ਨਿਵਾਯਾ। ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਣਾਯਾ। ਪਾਤਲਾ ਆਕਾਸ ਲਖ, ਜਿਤੀ ਧਰਤੀ ਜਗਤੁ ਸਬਾਯਾ। ਜਿਤੀ ਨਉ ਖੰਡ ਮੇਦਨੀ, ਸਤਿਨਾਮ ਦਾ ਚਕਰ ਫਿਰਾਯਾ। ਦੇਵ ਦਾਨੋ ਰਾਖਸਿ ਦੈਤ ਸਭ, ਚਿਤਿ ਗੁਪਤਿ ਸਭਿ ਚਰਨੀ ਲਾਯਾ। ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਯਾ। ਭਯਾ ਅਨੰਦੁ ਜਗਤੁ ਵਿਚਿ, ਕਲਿ ਤਾਰਨ ਗੁਰ ਨਾਨਕ ਆਯਾ। ਹਿੰਦੂ ਮੁਸਲਮਾਣ ਨਿਵਾਯਾ।

ਇਹ ਨਵਖੰਡ ਮੇਦਨੀ ਹੀ ਨਹੀਂ, ਲਖ ਆਕਾਸ ਪਤਾਲਾਂ ਵਾਲੀਆਂ ਧਰਤੀਆਂ ਪ੍ਰਿਥਵੀਆਂ ਸਤਿਨਾਮ ਦਾ ਚਕਰ ਫਿਰਾ ਕੇ ਜਿਤੀਆਂ। ਹਾਂ ਜੀ, ਗੁਰੂ ਬਾਬੇ ਅਸਾਡੀ ਧਰਤੀ ਜਿਹੀਆਂ ਲਖਾਂ ਕ੍ਰੋੜਾਂ ਧਰਤੀਆਂ ਵਿਖੇ ਸਤਿਨਾਮ ਦਾ ਚਕਰ ਫਿਰਾਇਆ ਅਤੇ ਕੋਟ ਬ੍ਰਹਮੰਡਾਂ ਨੂੰ ਸਤਿਨਾਮ ਦੇ ਆਸਰੇ ਤਾਰਿਆ। ਹਾਂ ਜੀ ! ਸਤਿ ਜੀ ! 'ਕੋਟਿ ਬ੍ਰਹੰਮਡ ਕੋ ਠਾਕੁਰ ਸੁਆਮੀ, ਸਰਬ ਜੀਆ ਕਾ ਦਾਤਾ' ਜੋ ਹੋਇਆ, ਕੋਟ ਬ੍ਰਹਿਮੰਡਾਂ ਦੇ ਵਸਨੀਕ ਅਗਣਤ ਜੀਅ-ਜੰਤ ਦਾ ਦਾਤਾ ਜੁ ਹੋਇਆ। ਦਾਤਾ ਭੀ 'ਜੀਅ ਦਾਨੁ ਦੇ ਭਗਤੀ ਲਾਇਨਿ' ਵਾਲੀ ਦਾਤ ਦਾ ਦਾਤਾ। ਸਾਇੰਸ ਦੇ ਵਿਦਵਾਨਾਂ ਨੇ ਅਜ ਪਤਾ ਕਢਿਆ ਹੈ ਕਿ ਅੰਬਰ ਵਿਖੇ ਦਿਸਣਹਾਰੇ ਤਾਰੇ ਤੇ ਅਸਾਡੀ ਧਰਤੀ ਵਰਗੀਆਂ ਧਰਤੀਆਂ ਅਤੇ ਅਸਾਡੇ ਸੂਰਜ ਵਰਗੇ ਅਨੇਕਾਂ ਸੂਰਜ ਹਨ, ਤਿਨ੍ਹਾਂ ਪ੍ਰਥਾਇ ਅਜ ਤੋਂ ਪੰਜ ਸੌ ਬਰਸ ਪਹਿਲਾਂ ਹੀ ਸਤਿਗੁਰ ਨਾਨਕ ਦੇਵ ਜੀ, ਹਾਂ ਜੀ ! ਕੋਟ ਬ੍ਰਹਿਮੰਡਾਂ ਦੇ ਸਾਖੀ ਸਤਿਗੁਰੂ ਨਾਨਕ ਸਾਹਿਬ ਜੀ ਨੇ 'ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ' ਦਾ ਡੰਕਾ ਬਜਾਇਆ। ਡੰਕਾ ਹੀ ਨਹੀਂ ਬਜਾਇਆ, ਆਪਣੇ ਅਨੇਕਾਂ ਗੁਰਸਿਖਾਂ ਨੂੰ ਗਿਆਨ ਖੰਡ ਦੇ ਪ੍ਰਚੰਡ ਗਿਆਨ ਦਾ ਗਿਆਤਾ, ਸਾਖਸ਼ਾਤ ਗਿਆਤਾ ਬਣਾ ਕੇ 'ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ' ਦਾ ਪ੍ਰਤੱਖ ਸਾਖਿਆਤ ਗਿਆਨ-ਅੰਬਰੀ ਨਜ਼ਾਰਾ ਸਾਂਗੋ ਪਾਂਗ ਦਿਖਾਇਆ। ਸਾਇੰਸਦਾਨਾਂ ਦੀ ਖੋਜ ਤਾਂ ਅਜੇ ਅਤਯੰਤ ਕੱਚੀ ਅਤੇ ਕਿੰਚਤ ਮਾਤ੍ਰ ਹੀ ਹੈ, ਪਰ ਸਤਿਗੁਰੂ ਨਾਨਕ ਸਾਹਿਬ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਇਕ ਅੱਖ ਦੇ ਫਰਕਣ ਵਿਚ ਲਖਾਂ ਆਕਾਸ਼ ਅਤੇ ਲਖਾਂ ਪਾਤਾਲ ਸਾਰੇ ਦਿਖਾ ਦਿਤੇ। ਭਾਵ ਲਖਾਂ ਖੰਡ ਬ੍ਰਹਿਮੰਡ ਦੀ ਸੈਰ ਅੱਖ ਦੇ ਇਕ ਫੋਰ ਵਿਚ ਕਰਾ ਦਿਤੀ ਅਤੇ ਪੀਰ ਦਸਤਗੀਰ ਦੀ ਤਸੱਲੀ ਕਰਨ ਲਈ ਅਤੇ ਉਸਨੂੰ ਸਤ ਅਕਾਸ਼, ਸਤ ਪਤਾਲ ਦੇ ਮਹਿਦੂਦ ਗਿਆਨ ਤੋਂ ਅਪਰੰਪਰ ਵਸੀਹ ਅਤੇ ਅਨੰਤ ਗਿਆਨ ਪਰਦਾਨ ਕਰਨ ਨਮਿੱਤ ਸ਼ਰਧਾ ਯਕੀਨ ਦੀ ਪਟੜੀ ਤੇ ਚਾੜ੍ਹਨ ਲਈ ਇਹ ਚੋਜ, ਸਚਾ ਚਲਤ ਚੋਜ ਵਰਤਾਇਆ ਹੈ ਕਿ :-

ਨਾਲਿ ਲੀਤਾ ਬੇਟਾ ਪੀਰ ਦਾ, ਅਖੀ ਮੀਟਿ ਗਇਆ ਹਾਵਾਈ। ਲਖ ਆਕਾਸ ਪਤਾਲ ਲਖ, ਅਖ ਫੁਰਕ ਵਿਚਿ ਸਭਿ ਦਿਵਲਾਈ।

ਦੇ ਨਾਲ ਹੀ -

ਭਰਿ ਕਚਕੌਲ ਪ੍ਰਸਾਦਿ ਦਾ, ਧੁਰੋਂ ਪਤਾਲੋ ਲਈ ਕੜਾਹੀ।

ਇਸ ਤੋਂ ਸਾਫ਼ ਪਰਤੀਤ ਹੈ ਅਤੇ ਸਪੱਸ਼ਟ ਸਿਧ ਹੈ ਕਿ ਗੁਰੂ ਬਾਬੇ ਨੇ ਇਸ ਨਵਖੰਡ ਧਰਤੀ ਨੂੰ ਤਾਰਨ ਤੋਂ ਪਹਿਲਾਂ ਸਚਾ ਅਮਰ ਵਰਤਾਂ ਕੇ ਅਨੇਕਾਂ ਖੰਡ ਬ੍ਰਹਿਮੰਡ ਸਤਨਾਮ ਦਾ ਚਕਰ ਫਿਰਾ ਕੇ ਤਾਰ ਛਡੇ ਸਨ ਅਰ ਪਾਤਾਲ ਲੋਕ ਵਿਖੇ ਗੁਰੂ ਬਾਬੇ ਦੀ ਸੰਗਤ, ਐਥੇ ਦੀ ਸੰਗਤ ਨਿਆਈਂ ਹੀ ਕੜਾਹ ਪ੍ਰਸ਼ਾਦ ਦੀਆਂ ਭੁਗਤਾਂ ਭੁਗਤ ਰਹੀ ਸੀ। ਕੋਟ ਬ੍ਰਹਮੰਡ ਦੇ ਨਾਇਕ ਦਾਤੇ ਠਾਕੁਰ ਸੁਆਮੀ ਨੂੰ ਆਪਣੀ ਰਚਨਾ ਦੇ ਜ਼ੱਰੇ ਜ਼ੱਰੇ ਮਾਤਰ ਦਾ ਸਮਾਨ ਹੀ ਖ਼ਿਆਲ ਫ਼ਿਕਰ ਹੈ। ਏਸੇ ਪ੍ਰਕਾਰ ਹੀ ਜੁਗਾਂ ਦੇ ਵਰਤਾਰਿਆਂ ਦਾ ਫਿਕਰ ਹੈ।

### ਪਿਛਲੇ ਭਗਤਾਂ ਦਾ ਉਧਾਰ ਤੇ ਸਤਿਨਾਮ -

ਜਿਸ ਅੰਮ੍ਰਿਤ-ਨਾਮ ਨੂੰ ਜਿਸ ਸਤਿਨਾਮ ਰੂਪੀ ਅੰਮ੍ਰਿਤ ਨੂੰ ਸੁਰ ਨਰ ਮੁਨ ਜਨ ਲੋਚਦੇ ਰਹੇ, ਸੋ ਅੰਮ੍ਰਿਤ-ਨਾਮ ਗੁਰੂ ਤੇ ਕੇਵਲ ਸਤਿਗੁਰੂ ਨਾਨਕ ਤੋਂ ਹੀ ਪਾਇਆ, ਤੇ ਪਾਇਆ ਜਾ ਸਕਦਾ ਹੈ। ਤਿਸ ਪ੍ਰਥਾਇ ਹੀ ਇਹ ਗੁਰਵਾਕ ਉਚਾਰਨ ਹੋਇਆ :-

ਸਿਮਰਹਿ ਸੋਈ ਨਾਮੁ ਜਖ ਅਰੁ ਕਿੰਨਰ,
ਸਾਧਿਕ ਸਿਧ ਸਮਾਧਿ ਹਰਾ।।
ਸਿਮਰਹਿ ਨਖ੍ਯ੍ਤ੍ਰ ਅਵਰ ਧ੍ਰੂ ਮੰਡਲ,
ਨਾਰਦਾਦਿ ਪ੍ਰਹਲਾਦਿ ਵਰਾ।।


www.AKJ.Org

ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ,
ਸੈਲ ਲੋਅ ਜਿਨਿ ਉਧਰਿਆ।।
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ,
ਅਮਰਦਾਸ ਗੁਰ ਕਉ ਫੁਰਿਆ।।੨।।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੩)

ਇਸ ਗੁਰਵਾਕ ਅੰਦਰ 'ਸਿਮਰਹਿ' ਪਦ ਆਉਣ ਕਰਿ ਕਈ ਸਜਣ ਇਹ ਸਮਝਦੇ ਹਨ ਕਿ ਜਿਹੜਾ ਨਾਮ ਸਤਿਗੁਰ ਨਾਨਕ ਸਾਹਿਬ ਜੀ ਅਤੇ ਉਨ੍ਹਾਂ ਦੇ ਤੀਜੇ ਸਰੂਪ ਗੁਰੂ ਅਮਰਦਾਸ ਜੀ ਨੇ ਜਪਿਆ ਸੋਈ ਨਾਮ ਇਸ ਵਾਕ ਅੰਦਰ ਆਏ ਜਖੁ, ਕਿੰਨਰ, ਸਿਧ ਸਾਧਿਕਾਂ ਨੇ ਜਪਿਆ। ਅਰਥਾਤ ਜੇਕਰ ਗੁਰੂ ਅਮਰਦਾਸ ਜੀ ਨੇ ਸਤਿਨਾਮ ਸਿਮਰਿਆ ਤਾਂ ਜਖ ਕਿੰਨਰ ਆਦਿਕਾਂ ਨੇ ਭੀ ਸਤਿਨਾਮ ਸਿਮਰਿਆਂ, ਨਹੀਂ ਤਾਂ ਜਿਹੜਾ ਨਾਮ ਕੋਈ ਹੋਰ ਕ੍ਰਿਤਮ ਨਾਮ ਜਖ ਕਿੰਨਰ ਆਦਿਕਾਂ ਨੇ ਸਿਮਰਿਆਂ ਸੋਈ ਗੁਰੂ ਅਮਰਦਾਸ ਜੀ ਨੇ ਸਿਮਰਿਆਂ। ਵਿਲੱਖਣਤਾ ਕੀ ਹੋਈ ? ਅਜਿਹੇ ਸਜਣਾਂ ਨੂੰ 'ਸਿਮਰਹਿ' ਪਦ ਦੇ ਅਰਥ ਵਿਚਾਰਨ ਵਿਚ ਹੀ ਭੁਲੇਖਾ ਲਗਾ ਹੈ। ਏਥੇ 'ਸਿਮਰਹਿ' ਪਦ ਦੇ ਅਰਥ ਓਹ ਹਨ ਜਿਹੜੇ ਹੇਠ ਲਿਖੇ ਗੁਰਵਾਕ ਵਿਚ ਜ਼ਾਹਰ ਹਨ :-

ਗੁਰ ਸੇਵਾ ਤੇ ਭਗਤਿ ਕਮਾਈ।।
ਤਬ ਇਹ ਮਾਨਸ ਦੇਹੀ ਪਾਈ।।
ਇਸ ਦੇਹੀ ਕਉ ਸਿਮਰਹਿ ਦੇਵ।
ਸੋ ਦੇਹੀ ਭਜੁ ਹਰਿ ਕੀ ਸੇਵ।

ਇਸ ਗੁਰਪ੍ਰਮਾਣ ਅੰਦਰ 'ਸਿਮਰਹਿ' ਪਦ ਦੇ ਅਰਥ 'ਲੋਚਹਿ' ਅਰਥਾਤ 'ਚਾਹੁੰਣ' ਦੇ ਹਨ। ਭਾਵ ਇਹ ਹੈ ਕਿ ਜਿਸ ਮਨੁੱਖਾਂ ਦੇਹੀ ਨੂੰ ਦੇਵਤੇ ਭੀ ਲੋਚਦੇ ਹਨ, ਉਹ ਦੇਹੀ, ਹੇ ਪ੍ਰਾਣੀ, ਹੁਣ ਤੈਨੂੰ ਮਿਲੀ ਹੋਈ ਹੈ। ਸੋ ਇਸ ਦੇਹੀ ਅੰਦਰਿ ਹੁਣ ਹਰੀ ਦਾ ਭਜਨ ਸੇਵਨ ਕਰ। ਇਸ ਗੁਰਸ਼ਬਦ ਵਿਖੇ ਆਏ 'ਸਿਮਰਹਿ' ਪਦ ਦੀ ਚਿਤ੍ਰ-ਅਰਥ-ਬੋਧ-ਕਸੌਟੀ ਅਨੁਸਾਰ ਉਪਰਲੇ ਸਵੱਯੇ ਅੰਦਰ ਆਏ 'ਸਿਮਰਹਿ' ਪਦ ਦੇ ਅਰਥ ਭੀ ਲੋਚਹਿ ਦੇ ਹਨ, ਭਾਵ :- ਜਿਸ ਨਾਮ ਨੂੰ ਜਖ, ਕਿੰਨਰ, ਸਿਧ ਸਾਧਿਕ ਆਦਿ ਲੋਚਦੇ ਹਨ ਅਤੇ ਸਮਾਧੀਆਂ ਲਾ ਲਾ ਕੇ ਹਾਰ ਥਕੇ ਹਨ ਅਤੇ ਜਿਸ ਨਾਮ ਨੂੰ ਨਛਤ੍ਰ, ਧਰੂ ਮੰਡਲ, ਨਾਰਦ, ਪ੍ਰਹਲਾਦਿ ਆਦਿ ਮੁਨਿ ਜਨ ਲੋਚਦੇ ਹਨ ਅਤੇ ਜਿਸ ਨਾਮ ਨੂੰ ਸਸੀਅਰ ਸੂਰ ਆਦਿਕ ਉਲਾਸ ਰਹੇ ਹਨ, ਅਰਥਾਤ ਚਾਹ ਉਮਾਹ ਰਹੇ ਹਨ, ਜਿਸ ਨਾਮ ਨੇ ਸੈਲ (ਪਥਰ) ਸਰੀਖੇ ਜੜ੍ਹ ਲੋਕਾਂ ਦਾ ਉਧਾਰ ਕੀਤਾ ਹੈ, ਸੋਈ ਨਾਮ ਅਛਲ ਭਗਤਹ ਭਵ ਤਾਰਨ ਅਮਰਦਾਸ ਗੁਰ ਕਉ ਸਹਿਜੇ ਹੀ ਸਫੁਰਨ ਹੋਇਆ ਹੈ। ਤੀਜੀ ਤੁਕ ਵਿਚ 'ਉਲਾਸਹਿ' ਪਦ ਦਾ ਅਰਥ ਓਹੋ ਹੈ, ਜੋ ਇਸ ਤੁਕ ਵਿਚ ਦਸਿਆ ਹੈ :-

ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ।।

ਤੀਜੀ ਤੁਕ ਵਿਚ ਆਏ 'ਉਲਾਸਹਿ' ਪਦ ਨੇ ਸਾਫ਼ ਹੀ ਸਪੱਸ਼ਟ ਕਰ ਦਿਤਾ ਹੈ ਕਿ ਪਹਿਲੀਆਂ ਦੋਹਾਂ ਤੁਕਾਂ ਵਿਚ ਆਏ 'ਸਿਮਰਹਿ' ਪਦ ਦੀ ਅਰਥ-ਬਿਵਸਥਾ ਕੀ ਹੈ, ਇਸ ਤੋਂ ਅਗਲੇਰੇ ਗੁਰਵਾਕ :-

ਸੋਈ ਨਾਮੁ ਸਿਵਰਿ ਨਵ ਨਾਥ,
ਨਿਰੰਜਨੁ, ਸਿਵ ਸਨਕਾਦਿ ਸਮੁਧਰਿਆ।

ਅੰਦਰ ਭੀ ਇਹੋ ਸੰਭਾਵਨਾ ਹੈ ਕਿ ਜਿਸ ਨਾਮ ਨੂੰ ਨਵਨਾਥ ਨਿਰੰਜਨ ਸ਼ਿਵ ਸਨਕਾਦਿ, ਚਉਰਾਸੀਹ ਸਿਧ, ਬੁਧ, ਅੰਬ੍ਰੀਕ, ਊਧਉ, ਅਕਰੂਰ, ਤ੍ਰਿਲੋਚਨ, ਨਾਮਦੇਵ, ਕਬੀਰ ਆਦਿਕ ਲੋਚਦੇ ਰਹੇ, ਉਨ੍ਹਾਂ ਓੜਕ ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਪਾਇਆ, ਜਿਸ ਘਰ (ਗੁਰੂ ਨਾਨਕ ਦੇਵ ਜੀ ਦੇ ਘਰ-ਸਿਖੀ ਮਾਰਗ) ਵਿਚ ਕਿ ਇਹ ਸਤਿਨਾਮ 'ਸੁਤੇ ਸਫੁਰਨ ਦਾਤਿ ਜੋਤਿ ਹੈ।'

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਜੁਗੋ ਜੁਗ ਜੀਆਂ ਦਾ ਤੱਤ ਉਧਾਰ ਸਤਿਨਾਮ ਦਾ ਸਦਕਾ ਹੀ ਹੁੰਦਾ ਰਿਹਾ ਹੈ। ਅਤੇ ਇਸ ਸਤਿਨਾਮ ਦਾ ਚਕਰ ਫਿਰਾਉਣਾ ਜੁਗਾਂ-ਜੁਗਾਂਤ੍ਰੀ ਚਕਰ ਫਿਰਾਉਣਾ ਸਤਿਗੁਰੂ ਨਾਨਕ ਦੇਵ ਦੇ ਹੱਥ ਹੀ ਸਉਂਪਿਆ ਜਾਂਦਾ ਰਿਹਾ ਹੈ, ਨਹੀਂ ਤਾਂ-

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ,
ਤਿਨ ਕਉ ਮੋਹੁ ਭਯਾ ਮਨ ਮਦ ਕਾ।

ਵਾਲਾ ਗੁਰਵਾਕ ਦਸਦਾ ਹੈ ਕਿ ਬ੍ਰਹਮਾ ਬਿਸ਼ਨ ਮਹੇਸ਼ ਆਦਿਕਾਂ ਦਾ ਤਾਂ ਆਪਣਾ ਹੀ ਉਧਾਰ ਨਹੀਂ ਹੋਇਆ, ਓਹਨਾਂ ਨੇ ਦੂਜਿਆਂ ਨੂੰ ਕੀ ਉਧਾਰਨਾ ਸੀ। ਤਿਨ੍ਹਾਂ ਨੂੰ 'ਮੋਹੁ ਭਯਾ ਮਨ ਮਦ ਕਾ।' ਮਨ-ਮਦ-ਮਤੇ, ਮੋਹ-ਗ੍ਰਠੇ ਆਗੂ ਲੋਕਾਂ ਦਾ ਉਧਾਰ ਕੀ ਕਰ ਸਕਦੇ ਹਨ, ਕਿਸਨੁ ਸਦਾ ਅਵਤਾਰੀ ਰੂਧਾਂ, ਕਿਤੁ ਲਗਿ ਤਰੈ ਸੰਸਾਰਾ।।

(ਪੰਨਾ ੫੫੯)

ਓੜਕ ਓਹਨਾਂ ਦਾ ਉਧਾਰ ਗੁਰ-ਸਰਨ ਆ ਕੇ ਅਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਨਾਮ ਪ੍ਰਾਪਤ ਕਰ ਕੇ ਹੋਇਆ ਪ੍ਰਮਾਣ ਹੈ। ਤਤ ਉਧਾਰ ਕੇਵਲ ਸਤਿਨਾਮ ਦੁਆਰਾ ਹੀ ਸੰਭਵ ਹੈ। ਜੁਗੋ ਜੁਗ ਭਗਤ ਜਨ ਅਕਾਲ ਪੁਰਖ ਦੇ ਉਪਜਾਏ ਉਪਜੇ, ਪਰ ਜੁਗਾਂ ਦੇ ਪ੍ਰਭਾਵ ਕਰ ਕੇ ਐਸੇ ਸਮਿਆਂ ਵਿਚ ਉਪਜੇ ਕਿ ਸਤਿਨਾਮ ਦੀ ਦਾਤ


www.AKJ.org

ਤਿਨ੍ਹਾਂ ਨੂੰ ਪ੍ਰਾਪਤ ਨਾ ਹੋਈ। ਭਾਣੇ ਅੰਦਰ ਸਤਿਨਾਮ ਦਾ ਚਕਰ ਫਿਰਾਉਣਹਾਰੇ ਗੁਰੂ-ਅਵਤਾਰ ਨੇ ਤਾਂ ਉਦੋਂ ਹੀ ਪ੍ਰਗਟ ਹੋਣਾ ਸੀ। ਜਦੋਂ ਸਾਰੇ ਸੰਸਾਰ ਦਾ ਉਧਾਰ ਦਰਕਾਰ ਮਨਜ਼ੂਰ ਹੋਇਆ। ਟਾਵੇਂ ਟਾਵੇਂ ਭਗਤ ਜਨ ਜੋ ਉਧਾਰੇ ਜਾਂਦੇ ਰਹੇ ਤਿਨ੍ਹਾਂ ਦਾ ਉਧਾਰ ਤਾਂ ਹੋਇਆ, ਪਰ ਸਤਿਨਾਮ ਦੀ ਦਾਤ ਵਿਹੂਣ ਤਿਨ੍ਹਾਂ ਅੰਦਰ ਹਉਮੈ ਦੀ ਸੂਖਸ਼ਮ ਕਾਈ ਰੜਕਦੀ ਹੀ ਰਹੀ। ਕਿਰਤਮ ਨਾਮ ਦੀ ਉਪਾਸ਼ਨਾ ਅੰਦਰ ਇਹੀ ਕਸਰ-ਕਮੀ ਰਹਿੰਦੀ ਹੈ ਕਿ ਉਚ ਕੋਟੀ ਦਾ ਕਲਿਆਣ-ਉਧਾਰ ਦਰਜਾ ਪ੍ਰਾਪਤ ਨਹੀਂ ਹੁੰਦਾ। ਕਈ ਭਗਤ ਜਨ ਤਾਂ ਨਿਸ਼ਕਾਮ ਭਗਤੀ ਤੋਂ ਵਾਂਜੇ ਰਹਿਣ ਕਰ ਕਾਂਪ ਖਾ ਗਏ। ਕਈ ਰਿਧ ਸਿਧ ਕਰਾਮਾਤ ਕਰ ਲਰਜ਼ਾ ਗਏ। ਸ੍ਰੀ ਭਾਈ ਗੁਰਦਾਸ ਜੀ ਇਸ ਭਾਵ ਨੂੰ ਬਾਰ੍ਹਵੀਂ ਵਾਰ, ਪਉੜੀ ੧੪-੧੫ ਅੰਦਰ ਇਸ ਤਰ੍ਹਾਂ ਭਲੀ ਭਾਂਤ ਨਿਰੂਪਨ ਕਰਾਉਂਦੇ ਹਨ-

ਧ੍ਰੂ ਪ੍ਰਹਿਲਾਦ ਵਿਭੀਖਣੋ, ਅੰਬ੍ਰੀਕ ਬਲ ਜਨਕ ਵਖਾਣਾ।।
ਰਾਜ ਕੁਆਰ ਹੋਇ ਰਾਜਸੀ, ਆਸਾ ਬੰਧੀ ਚੋਜ ਵਿਡਾਣਾ।।
ਧਰੂ ਮਤਰੇਈ ਚੰਡਿਆ, ਪੀਉ ਫੜ ਪ੍ਰਹਲਾਦ ਰਞਾਣਾ।।
ਭੇਦ ਬਿਭੀਖਣ ਲੰਕ ਲੈ, ਅੰਬ੍ਰੀਕ ਲੈ ਚਕ੍ਰ ਲੁਭਾਣਾ।।
ਪੈਰ ਕੜਾਹੇ ਜਨਕ ਦਾ, ਕਰ ਪਾਖੰਡ ਧਰੰਮ ਧਿਙਾਣਾ।।
ਆਪ ਗਣਾਇ ਵਿਗੁਚਣਾ, ਦਰਗਹ ਪਾਏ ਮਾਣ ਨਿਮਾਣਾ।।
ਗੁਰਮੁਖ ਸੁਖ ਫਲ ਪਤਿ ਪਰਵਾਣਾ।।੪।।

**ਉਧਾਰ ਤੇ ਨਿਸਤਾਰੇ ਦਾ ਨਿਰਣਾ-**

ਭਾਵ ਇਹ ਕਿ ਭਾਈ ਗੁਰਦਾਸ ਜੀ ਨੇ ਸਾਰੇ ਭੂਤ ਕਾਲ ਦੇ ਭਗਤ ਜਨਾਂ ਦੇ ਮੁਕਾਬਲੇ ਤੇ ਪਹਿਲੇ ਜੁਗਾਂ ਦੇ ਭਗਤਾਂ ਦੀ ਭਗਤੀ ਭਾਉ ਦੇ ਉਦਾਹਰਨ ਦੇ ਕੇ ਇਹ ਗੱਲ ਦਸੀ ਹੈ ਕਿ -

੧ਓ ਸਤਿਨਾਮ ਦੇ ਅਭਿਆਸੀ ਜਨ ਗੁਰਮੁਖਾਂ ਦੀ ਭਗਤ-ਵਡਿਆਈ ਦੀ ਵਿਲੱਖਣਤਾ 'ਆਪ ਜਣਾਇ ਨਾ ਆਪ ਲਖਾਇਆ'-ਮਈ ਹਉਮੈ ਦੇ ਮੁਕੰਮਲ ਅਭਾਵ ਵਿਚ ਹੈ। ਸਤਿਨਾਮ ਦੇ ਅਭਿਆਸੀ ਜਨਾਂ ਦੇ ਰਿਦੇ ਵਿਚ ਹਉਮੈ ਦੀ ਬੀਮਾਰੀ ਦੀ ਸੂਖਮ ਤੋਂ ਸੂਖਮ ਅੰਸ ਭੀ ਨਹੀਂ ਰਹਿੰਦੀ। ਅਗਲੀ ਪਉੜੀ ਵਿਚ ਭਾਈ ਗੁਰਦਾਸ ਜੀ ਕਲਜੁਗ ਦੇ ਭਗਤਾਂ ਦੀ ਵਿਥਿਆ ਵਰਨਣ ਕਰਦੇ ਹੋਏ ਗੁਰੂ ਘਰ ਦੇ ਗੁਰਮੁਖ ਭਗਤਾਂ ਦੀ ਵਿਲੱਖਣਤਾ ਦਾ ਨਿਰਣਾ ਇਸ ਤਰ੍ਹਾਂ ਕਰਦੇ ਹਨ :-

ਕਲਿਜੁਗ ਨਾਮਾ ਭਗਤ ਹੋਇ, ਫੇਰ ਦੇਹੁਰਾ, ਗਾਇ ਜੀਵਾਈ।।
ਭਗਤ ਕਬੀਰ ਵਖਾਣੀਐ, ਬੰਦੀਖਾਨੇ ਤੇ ਉਠ ਜਾਈ।।
ਧੰਨਾ ਜਟ ਉਧਾਰਿਆ, ਸਧਨਾ ਜਾਤਿ ਅਜਾਤਿ ਕਸਾਈ।।
ਜਨ ਰਵਿਦਾਸ ਚਮਾਰ ਹੋਇ, ਚਹੁੰ ਵਰਨਾਂ ਵਿਚ ਕਰ ਵਡਿਆਈ।।
ਬੇਣੀ ਹੋਆ ਅਧਿਆਤਮੀ, ਸੈਣ ਨੀਚ ਕੁਲ ਅੰਦਰ ਨਾਈ।।
ਪੈਰੀਂ ਪੈ ਪਾਖਾਕ ਹੋਇ, ਗੁਰਸਿਖਾਂ ਵਿਚ ਵਡੀ ਸਮਾਈ।।
ਅਲਖ ਲਖਾਇ ਨ ਅਲਖ ਲਖਾਈ।।੧੫।।

ਸਤਿਨਾਮ ਦੇ ਅਭਿਆਸ ਪ੍ਰਤਾਪ ਕਰਕੇ ਗੁਰ ਸਿਖ ਅਭਿਆਸੀ ਜਨ ਉਪਰੋਕਤ ਭਗਤਾਂ ਤੋਂ ਉਚੇਰੇ ਪਹੁੰਚਦੇ ਹਨ। ਸਤਿਨਾਮ ਦੇ ਅਭਿਆਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਗੁਰਸਿਖਾਂ ਦੀ ਉਥੇ ਰਸਾਈ ਹੈ ਜਿਥੇ ਕ੍ਰਿਤਮ ਨਾਮ ਦੇ ਅਭਿਆਸੀ ਭਗਤਾਂ ਦੀ ਨਹੀਂ ਹੋਈ। ਮਿਸਾਲ ਵਜੋਂ ਇਤਨੀ ਗੱਲ ਕਹਿਣੀ ਕਾਫ਼ੀ ਹੈ ਕਿ ਧਰੂ ਮੰਡਲ ਸਚਖੰਡ ਗੁਰਪੁਰੀ ਤੋਂ ਬਹੁਤ ਉਰੇਡੇ ਹੈ। ਇਸੇ ਤਰ੍ਹਾਂ ਹੋਰ ਭਗਤਾਂ ਸਬੰਧੀ ਸਮਝ ਲਵੋ।

ਪਰ ਉਧਾਰ ਹੋਇਆ ਉਨ੍ਹਾਂ ਭਗਤਾਂ ਦਾ ਭੀ ਗਿਣਿਆ ਜਾਂਦਾ ਹੈ। ਉਧਾਰ ਉਧਾਰ ਵਿਚ ਭੀ ਫ਼ਰਕ ਹੈ। ਚੁਰਾਸੀ ਤੋਂ ਛੁਟਣਾ ਭੀ ਇਕ ਪ੍ਰਕਾਰ ਦਾ ਉਧਾਰ ਨਿਸਤਾਰਾ ਹੀ ਗਿਣਿਆ ਜਾਂਦਾ ਹੈ। ਨਰਕਾਂ ਤੋਂ ਬਚ ਕੇ ਸੁਰਗ ਲੋਕ ਵਿਚ ਵਾਸਾ ਹੋਣਾ ਭੀ, ਸੁਰਗ ਦੀ ਇਛਾ ਰਖਣ ਵਾਲਿਆਂ ਲਈ ਇਕ ਉਧਾਰ ਹੈ। ਸੁਰਗ ਤੋਂ ਉਪ੍ਰੰਤ ਮੁਕਤ ਮੰਡਲ ਵਾਲਿਆਂ ਦਾ ਭੀ ਉਧਾਰ ਹੋਇਆ ਹੀ ਮੰਨਿਆ ਜਾਂਦਾ ਹੈ। ਕਰਮ ਖੰਡ ਦੇ ਨਦਰ ਮੰਡਲ ਵਿਚ ਪ੍ਰਵੇਸ਼ ਹੋਈਆਂ ਭਗਤਾਂ ਦੀਆਂ ਰੂਹਾਂ ਦਾ ਭੀ ਉਧਾਰ ਨਿਸਤਾਰਾ ਹੀ ਗਿਣਿਆ ਜਾਂਦਾ ਹੈ।

ਪਰ ਸਭ ਤੋਂ ਉਤਮ ਤੇ ਉਚੇਰਾ ਉਧਾਰ ਨਿਸਤਾਰਾ ਹੋਇਆ ਤਿਨ੍ਹਾਂ ਗੁਰਮੁਖਾਂ ਦਾ ਹੀ ਪ੍ਰਮਾਣੀਕ ਹੈ ਜੋ 'ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ' ਦੀ ਨਿਸ਼ਕਾਮ ਭਗਤੀ ਦੁਆਰਾ ਅਮਰ ਅਟਾਰੇ ਪੁੱਗ ਖਲੋਤੇ। ਤੇ ਉਹ ਪੁੱਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕੰਵਲ ਕੀ ਮਉਜ ਮਹਿ ਹੀ ਤੋੜ ਨਿਭਾਈ ਅੰਤੇ ਕਾਂਪ ਨਹੀਂ ਖਾਧੀ। ਜਿਨ੍ਹਾਂ 'ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ' ਵਾਲੀ ਬਿਵਸਥਾ ਵਿਚ ਰਤਿਆਂ ਹੋਇਆ ਹੇਠ ਲਿਖੇ ਗੁਰਵਾਕ ਦੀ ਕਸਉਟੀ ਅਨੁਸਾਰ ਆਪਣਾ ਭਗਤੀ ਭਾਵ ਵਾਲਾ ਜੀਵਨ ਤੋੜ ਨਿਬਾਹਿਆ :-

ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ।।
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ।।੧।।
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।।ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ।।੧।।ਰਹਾਉ।।
ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ।।


www.AKJ.Org

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ, ਉਠਿ ਉਆਹੂ ਕਉ ਦਉਰਿਓ॥੨॥ਆਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ॥ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੈ ਲੇ ਮਾਨਿਓ॥੩॥ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ, ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ ਸਫਲੁ ਓਹੁ ਆਇਆ, ਜਿਨਿ ਨਾਨਕੁ ਖਸਮੁ ਪਛਾਤਾ॥੪॥੫॥

(ਮਾਰੂ ਮ: ੫, ਪੰਨਾ ੧੦੦੦)

ਉਪਰ ਦਿਤੇ ਗੁਰਵਾਕਾਂ ਅੰਦਰ ਦਰਸਾਇਆ ਉਚ ਅਵਸਥਾ ਵਾਲਾ ਉਧਾਰ-ਨਿਸਤਾਰਾ, ਕੇਵਲ ਗੁਰਮਤਿ ਦ੍ਰਿੜਾਏ ਸਤਿਨਾਮ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਅਤੇ ਇਹ ਸਤਿਨਾਮ ਕੇਵਲ ਗੁਰੂ-ਘਰ ਵਿਖੇ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ-ਘਰ ਤੋਂ ਬਿਨਾਂ ਇਹ ਸਤਿਨਾਮ ਰੂਪੀ ਪ੍ਰਮ ਪਦਾਰਥ ਹੋਰਥੇ ਕਿਤੇ ਨਹੀਂ। ਏਸ ਸਤਿਨਾਮ ਪਦਾਰਥ ਤੋਂ ਬਿਨਾਂ ਬਥੇਰੇ ਰਿਖੀ ਮੁਨੀ ਅਵਤਾਰ ਪਚ ਪਚ ਮਰ ਥਕੇ। ਇਸ ਗੱਲ ਦੀ ਪੁਸ਼ਟੀ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਗੁਰਵਾਕਾਂ ਤੋਂ ਹੁੰਦੀ ਹੈ-

ਜਿਹ ਕੋਟਿ ਇੰਦਰ ਨ੍ਰਿਪਾਰ॥
ਕਈ ਬ੍ਰਹਮ ਬਿਸਨ ਬਿਚਾਰ॥
ਕਈ ਰਾਮ ਕ੍ਰਿਸਨ ਰਸੂਲ॥
ਬਿਨੁ ਭਗਤ ਕੋ ਨ ਕਬੂਲ॥੮॥੩੮॥

(ਅਕਾਲ ਉਸਤਤਿ)

ਜੱਛ ਭੁਜੰਗ ਸੁ ਦਾਨਵ ਦੇਵ, ਅਭੇਵ ਤੁਮੈ ਸਭ ਹੀ ਕਰ ਧਿਆਵੈ॥ਭੂਮਿ ਅਕਾਸ ਪਤਾਲ ਰਸਾਤਲ, ਜੱਛ ਭੁਜੰਗ ਸਭੈ ਸਿਰ ਨਿਆਵੈ॥ਪਾਇ ਸਕੈ ਨਹੀਂ ਪਾਰ ਪ੍ਰਭਾਹੂ ਕੋ, ਨੇਤ ਹੀ ਨੇਤਹ ਬੇਦ ਬਤਾਵੈ॥ਖੋਜ ਥਕੇ ਸਭ ਹੀ ਖੁਜੀਆਸੁਰ, ਹਾਰ ਪਰੇ ਹਰਿ ਹਾਥ ਨਾ ਆਵੈ॥੭॥੨੪੯॥ਨਾਰਦ ਸੇ ਚਤੁਰਾਨਨ ਸੇ, ਰੁਮਨਾ ਰਿਖ ਸੇ, ਸਭ ਹੂੰ ਮਿਲਿ ਗਾਇਓ॥ ਬੇਦ ਕਤੇਬ ਨ ਭੇਦ ਲਖਿਓ, ਸਭ ਹਾਰ ਪਰੇ ਹਰਿ ਹਾਥ ਨ ਆਇਓ॥ਪਾਇ ਸਕੈ ਨਹੀ ਪਾਰ ਉਮਾਪਤਿ, ਸਿਧ ਸਨਾਥ ਸਨੰਤਨ ਧਿਆਇਓ॥ ਧਿਆਨ ਧਰੋ ਤਿਹ ਕੋ ਮਨ ਮੈ, ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥੮॥੨੫੦॥

(ਅਕਾਲ ਉਸਤਤਿ)

ਪੁਨਾ :- ਕੇਤੇ ਇੰਦ੍ਰ ਦੁਆਰ, ਕੇਤੇ ਬ੍ਰਹਮਾ ਮੁਖ ਚਾਰ,
ਕੇਤੇ ਕ੍ਰਿਸਨਾ ਅਵਤਾਰ, ਕੇਤੇ ਰਾਮ ਕਹੀਅਤ ਹੈਂ॥
ਕੇਤੇ ਸਸਿ ਰਾਸੀ, ਕੇਤੇ ਸੂਰਜ ਪ੍ਰਕਾਸੀ,
ਕੇਤੇ ਮੁੰਡੀਆ ਉਦਾਸੀ, ਜੋਗ ਦੁਆਰ ਕਹੀਅਤੁ ਹੈਂ॥
ਕੇਤੇ ਮਹਾਂਦੀਨ, ਕੇਤੇ ਬਿਆਸ ਸੇ ਪ੍ਰਬੀਨ,
ਕੇਤੇ ਕੁਮੇਰ ਕੁਲੀਨ, ਕੇਤੇ ਜਛ ਕਹੀਅਤੁ ਹੈਂ॥
ਕਰਤ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈਂ ਪਾਰ,
ਤਾਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈਂ॥੫॥੨੫੭॥

(ਅਕਾਲ ਉਸਤਤਿ)

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਇ, ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥ ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ॥ਸਭੈ ਆਪਨੀ ਆਪਨੀ ਅੰਤ ਮੂਏ॥੨੭॥ਜਿਤੇ ਅਉਲੀਆ ਅੰਬੀਆ ਹੋਇ ਬੀਤੇ॥ਤਿਤਿਓ ਕਾਲ ਜੀਤਾ ਨ ਤੇ ਕਾਲ ਜੀਤੇ॥ ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ॥ ਤਿਤਿਓ ਕਾਲਿ ਖਾਪਿਓ ਨ ਤੇ ਕਾਲ ਘਾਏ॥੨੮॥ ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ॥ ਤਿਤਿਓ ਕਾਲ ਖਾਪਾ ਨ ਤੇ ਕਾਲ ਘਾਏ॥ ਜਿਤੇ ਔਲੀਆ ਅੰਬੀਆ ਗੌਸ ਹ੍ਵੈ ਹੈਂ॥ ਸਭੈ ਕਾਲ ਕੇ ਅੰਤ ਦਾੜਾ ਤਲੇ ਹੈਂ॥੨੯॥ ਜਿਤੇ ਮਾਨਧਾਤਾਦਿ ਰਾਜਾ ਸੁਹਾਏ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ॥ ਜਿਨੈ ਨਾਮ ਤਾ ਕੋ ਉਚਾਰੇ ਉਬਾਰੇ॥ ਬਿਨਾ ਸਾਮ ਤਾ ਕੀ ਲਖੇ ਕੋਟ ਮਾਰੇ॥੩੦॥੫॥

(ਬਚਿਤ੍ਰ ਨਾਟਕ, ਧਿਆਇ ੧ )

ਸੋ ਐਸਾ ਸਚਾ ਨਾਮ ਸਤਿ ਸ਼ਬਦ ਸਤਿਨਾਮ ਦਾ ਸਚਾ ਸਿੱਕਾ ਸਚੇ ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੀ ਸਚੀ ਟਕਸਾਲ ਤੋਂ ਹੀ ਚਲਿਆ। ਏਸੇ ਟਕਸਾਲ ਤੋਂ ਹੀ ਪ੍ਰਗਟ ਹੋਇਆ ਅਤੇ ਇਥੇ ਹੀ ਪ੍ਰਾਪਤ ਹੈ ਅਤੇ ਹਰ ਵਕਤ ਪ੍ਰਾਪਤ ਹੈ। ਸ੍ਰੀ ਗੁਰੂ ਗੁਰਦੇਵ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰਦੇਵ ਜੀ ਦੀ ਸੱਚੀ ਹਜ਼ੂਰੀ ਅਤੇ ਮਨਜ਼ੂਰੀ ਰੂਪੀ ਸੱਚੀ ਰਜ਼ਾ ਅੰਦਰ ਪ੍ਰਾਪਤ ਹੈ। ਆਓ, ਐਸੇ ਗੁਰਦੇਵ ਸੱਚੇ ਗੁਰਦੇਵ ਕਉ ਸ੍ਰੀ ਭਾਈ ਗੁਰਦਾਸ ਜੀ ਦੀ ਰਸਨਾਵਲੀ ਅੰਦਰ ਰਚ ਕੇ ਮੰਗਲ-ਮਈ ਜੁਹਾਰ ਨਮਸਕਾਰ ਕਰਿ ਲਈਏ:-

ਨਮਸਕਾਰ ਗੁਰਦੇਵ ਕਉ, ਸਤਿਨਾਮ ਜਿਸ ਮੰਤ੍ਰ ਸੁਣਾਯਾ॥
ਭਵਜਲ ਵਿਚੋਂ ਕਢ ਕੇ, ਮੁਕਤਿ ਪਦਾਰਥ ਮਾਹਿ ਸਮਾਯਾ॥
ਜਨਮ ਮਰਨ ਭਉ ਕਟਿਆ, ਸੰਸਾ ਰੋਗ ਵਿਜੋਗ ਮਿਟਾਯਾ॥
ਸੰਸਾ ਏਹ ਸੰਸਾਰ ਹੈ, ਜਨਮ ਮਰਨ ਵਿਚ ਦੁਖ ਸਬਾਯਾ॥
ਜਮ ਡੰਡ ਸਿਰੋਂ ਨ ਉਤੁਰੇ ਸਾਕਤ ਦੁਰਜਨ ਜਨਮ ਗਵਾਯਾ॥
ਚਰਨ ਗਹੇ ਗੁਰਦੇਖ ਕੇ, ਸਤਿ ਸਬਦ ਦੇ ਮੁਕਤ ਕਰਾਯਾ॥
ਭਾਇ ਭਗਤ ਗੁਰਪੁਰਬ ਕਰਿ, ਨਾਮ ਦਾਨ ਇਸਨਾਨ ਦ੍ਰਿੜਾਯਾ॥
ਜੇਹਾ ਬੀਉ ਤੇਹਾ ਫਲ ਪਾਯਾ॥

(ਭਾ ਗੁਰਦਾਸ, ਵਾਰ ੧, ਪਉੜੀ ੧)

('ਗੁਰਮਤਿ ਲੇਖ ਵਿਚੋਂ')



www.AKJ.Org

# ਭਗਤ ਬਰਾਬਰਿ ਅਉਰੁ ਨ ਕੋਇ

(ਪ੍ਰਿੰ:ਕੁਲਦੀਪ ਸਿੰਘ ਹਉਰਾ)

ਭਗਤ ਰਵਿਦਾਸ ਜੀ ਦੀ ਜੀਵਨੀ ਤੇ ਬਾਣੀ ਨੂੰ ਵਾਚਿਆਂ ਇਹ ਤੱਥ ਸਿੱਧ ਹੋ ਜਾਂਦਾ ਹੈ ਕਿ ਆਤਮਿਕ-ਵਿਕਾਸ ਦੇ ਰਾਹ ਵਿੱਚ ਅਖੌਤੀ ਨੀਵੀਂ ਜਾਤ ਬਾਧਕ ਨਹੀਂ। ਧਾਰਮਿਕ ਕਾਰਜਾਂ ਵਿੱਚ ਕੇਵਲ ਕਿਸੇ ਇਕ ਜਾਤੀ ਦਾ ਹੀ ਅਧਿਕਾਰ ਨਹੀਂ, ਭਗਤੀ ਕਰਨ ਦਾ ਹੱਕ ਵੀ ਕੁਝ ਚੋਣਵੇਂ ਪੁਰਸ਼ਾਂ ਤੱਕ ਹੀ ਸੀਮਤ ਨਹੀਂ ਰਖਿਆ ਜਾ ਸਕਦਾ। ਸਾਧਨਾ ਕੀਤਿਆਂ ਹਰ ਕੋਈ ਆਪਣੇ ਆਦਰਸ਼ ਦੀ ਪ੍ਰਾਪਤੀ ਕਰ ਸਕਦਾ ਹੈ।

ਭਗਤ ਰਵਿਦਾਸ ਜੀ ਦੀ ਸਿਖਿਆ ਤੇ ਕਰਨੀ ਨੇ ਅਜਿਹਾ ਵਾਯੂ-ਮੰਡਲ ਪੈਦਾ ਕਰ ਦਿੱਤਾ, ਜਿਸ ਰਾਹੀਂ ਲੋਕ-ਰਾਜ ਤੇ ਸਮਾਨਤਾ ਦੀ ਭਾਵਨਾ ਜਾਰੀ ਹੋਈ। ਇਹ ਭਾਵਨਾ ਊਚ-ਨੀਚ ਦਾ ਭੇਦ-ਭਾਵ ਮਿਟਾਉਣ ਵਿੱਚ ਸਹਾਈ ਸਿੱਧ ਹੋਈ, ਲੋਕਾਂ ਨੂੰ ਇਹ ਅਹਿਸਾਸ ਹੋਣ ਲੱਗਾ ਕਿ ਕੋਈ ਜਾਤ ਤੇ ਕਿਤਾ ਹੀਣਾ ਨਹੀਂ ਸਗੋਂ ਮਨੁੱਖ ਦੀ ਕਰਨੀ ਹੀ ਉਸ ਨੂੰ ਉੱਚਾ ਚੁਕਦੀ ਜਾਂ ਹੇਠਾਂ ਡੇਗਦੀ ਹੈ। ਭਗਤ ਰਵਿਦਾਸ ਜੀ ਨੇ ਜਦੋਂ ਆਪਣੀ ਰਚਨਾ ਰਾਹੀਂ ਮਨੁੱਖੀ ਏਕਤਾ ਤੇ ਬਰਾਬਰੀ ਦਾ ਸੰਦੇਸ਼ ਦਿੱਤਾ, ਉਹ ਸਮਾਂ ਭਾਰਤੀ ਇਤਿਹਾਸ ਦਾ ਘੋਰ-ਹਨੇਰਾ ਸਮਾਂ ਸੀ। ਉਦੋਂ ਭਾਰਤ ਦਾ ਸਮਾਜਿਕ ਰਾਜਨੀਤਕ ਤੇ ਧਾਰਮਿਕ ਢਾਂਚਾ ਸਮੁੱਚੇ ਤੌਰ ਤੇ ਨਿਘਰਿਆ ਹੋਇਆ ਸੀ। ਧਰਮ ਵਿੱਚ ਕਰਮ-ਕਾਂਡ ਦਾ ਪਾਖੰਡ, ਸਮਾਜ 'ਚ ਛੂਆ-ਛੂਤ ਤੇ ਰਾਜਨੀਤੀ ਵਿੱਚ ਧੱਕੇ ਤੇ ਅਨਿਆਂ ਦੇ ਬੋਲਬਾਲਾ ਸੀ। ਧਾਰਮਿਕ ਆਗੂ ਸਮੁੱਚੇ ਤੌਰ ਤੇ ਸਹਿਮੇ ਹੋਏ ਸਨ। ਭਗਤ ਜੀ ਨੇ ਸਮੇਂ ਦੀ ਨਬਜ਼ ਨੂੰ ਪਹਿਚਾਣਿਆ-ਤੇ ਦੇਸ਼ ਵਿੱਚ ਧਾਰਮਿਕ ਤੇ ਸਮਾਜਿਕ ਅੰਦੋਲਨ ਦਾ ਮੁੱਢ ਬੰਨ੍ਹਿਆ ਅਤੇ ਲੋਕਾਂ ਨੂੰ ਉਸ ਸਮਾਜ ਦੇ ਨਿਰਮਾਣ ਲਈ ਚੁਣਿਆ, ਜਿਸ ਵਿੱਚ ਸਮੁੱਚੇ ਮਨੁਖ-ਮਾਤਰ ਲਈ ਏਕਤਾ ਤੇ ਬਰਾਬਰੀ ਹੋਵੇ।

ਆਪ ਦੀ ਬਾਣੀ ਨੇ ਦਲਿਤ-ਜਾਤੀ ਦੇ ਮਨ ਵਿੱਚ ਇਕ ਚੇਤਨਾ ਪੈਦਾ ਕੀਤੀ, ਜਾਗ੍ਰਤੀ ਲਈ ਚਿਣਗ ਸੁੱਟੀ ਅਤੇ ਪਛਾੜੇ ਤੇ ਲਤਾੜੇ ਹੋਏ ਲੋਕਾਂ ਨੂੰ ਜੱਥੇਬੰਦ ਕਰਨ ਲਈ ਉਪਰਾਲੇ ਹੋਏ। ਜਿੱਥੇ ਆਪਣੇ ਲੋਕਾਂ ਅੰਦਰ ਪ੍ਰਭੂ-ਭਗਤੀ ਦੀ ਲਗਨ ਲਗਾਈ ਉਥੇ ਮਨੁੱਖੀ ਸਮਾਨਤਾ ਵਾਲੀ ਸੁੱਰ ਵੀ ਉੱਚੀ ਕੀਤੀ। ਭਗਤ ਜੀ ਕੇਵਲ ਬਚਨਾਂ ਦੇ ਹੀ ਸੂਰੇ ਨਹੀਂ ਸਨ, ਸਗੋਂ ਕਰਨੀ ਦੇ ਵੀ ਪੂਰੇ ਸਨ। ਉਨ੍ਹਾਂ ਨੇ ਜਾਤ ਜਨਮ ਦੇ ਆਧਾਰ ਤੇ ਮਨੁੱਖਾਂ ਵਿੱਚ ਪਾਏ ਗਏ ਵਿਤੱਕਰਿਆਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਸਭ ਲੋਕਾਂ ਨੂੰ ਊਚ-ਨੀਚ ਦੇ ਵਿਚਾਰ ਤਿਆਗ ਕੇ ਅਜਿਹੇ ਸ਼ਹਿਰੀ ਹੋਣ ਦਾ ਸੱਦਾ ਦਿੱਤਾ, ਜਿਥੋਂ ਅਣ-ਮਨੁੱਖੀ ਘਟਨਾਵਾਂ ਨਾ ਘਟਣ ਤੇ ਸਭ ਸ਼ਹਿਰੀ ਇਕ ਸਮਾਨ ਹੋਣ, ਕੋਈ ਛੋਟਾ-ਵੱਡਾ ਨਾ ਸਮਝਿਆ ਜਾਵੇ। ਰਾਗ ਗਉੜੀ ਵਿੱਚ ਆਪ ਦਾ ਉਚਾਰਿਆ ਹੋਇਆ ਸ਼ਬਦ ਇਸ ਦਾ ਪ੍ਰਤੱਖ ਪ੍ਰਮਾਣ ਹੈ। ਆਪ ਨੇ ਕਿਹਾ ਹੈ," ਬੇਗਮਪੁਰਾ ਸਹਰ ਕੋ ਨਾਉ।। ਦੂਖੁ ਅੰਦੋਹ ਨਹੀਂ ਤਿਹ ਨਾਉ।।" ਇਸ ਸ਼ਬਦ ਦੁਆਰਾ ਭਗਤ ਜੀ ਨੇ ਸਾਡੇ ਸਾਹਮਣੇ ਇਕ ਐਸੇ ਸਮਾਜ ਦਾ ਨਕਸ਼ਾ ਖਿੱਚਿਆ ਹੈ, ਜਿਸ ਦੀ ਲੋੜ ਤੇ ਮਹਾਨਤਾ ਅੱਜ ਅੰਤਰ ਰਾਸ਼ਟਰੀ ਪੱਧਰ ਤੇ ਕਬੂਲ ਕੀਤੀ ਜਾ ਰਹੀ ਹੈ। ਅੱਜ ਸਮੁੱਚਾ ਵਿਸ਼ਵ ਆਮ ਕਰਕੇ ਤੇ ਭਾਰਤ ਖਾਸ ਕਰਕੇ ਐਸੇ ਸਮਾਜ ਦੇ ਨਿਰਮਾਣ ਦਾ ਚਾਹਵਾਨ ਹੈ, ਜਿਸ ਦੀ ਝਲਕ ਭਗਤ ਜੀ ਨੇ ਸਾਨੂੰ ਪਹਿਲਾਂ ਵਿਖਾ ਦਿਤੀ ਸੀ।

ਅਜਿਹਾ ਸੰਕਲਪ ਸੀ ਭਗਤ ਜੀ ਦੇ ਮਨ ਵਿੱਚ। ਉਹ ਜੀਵਨ ਦੇ ਉਹਨਾਂ ਸ਼ਾਹ ਸਵਾਰਾਂ ਵਿਚੋਂ ਸਨ ਜਿਨ੍ਹਾਂ ਨੇ ਸਮਾਜਕ ਟੋਏ ਟਿੱਬੇ ਇਕਸਾਰ ਕਰਕੇ, ਮਨੁੱਖੀ ਸਫਰ ਲਈ ਰਾਹ ਪਧੱਰਾ ਕਰਨਾ ਹੁੰਦਾ ਹੈ-ਭਗਤ ਜੀ ਦੇ ਮਨ ਵਿੱਚ ਜਿਸ ਖੁਸ਼ਹਾਲ ਸਮਾਜ ਨੂੰ ਸਿਰਜਣ ਦੀ ਕਲਪਨਾ ਸੀ, ਉਹ ਸਮਾਜ ਦੀਆਂ ਠੋਸ-ਹਕੀਕਤਾਂ ਨੂੰ ਪ੍ਰਗਟਾਉਂਦਾ ਹੈ। ਇਹ ਜ਼ੁਲਮ-ਰਹਿਤ, ਲੁੱਟ ਖਸੁੱਟ-ਰਹਿਤ, ਪਾਪ-ਰਹਿਤ ਊਚ ਨੀਚ-ਰਹਿਤ ਸਮਾਜ ਦੇ ਮੁੱਢ ਬਨੁੰਣ ਦਾ ਸੱਦਾ ਦੇਂਦਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵੀ ਇਸੇ ਉਦੇਸ਼ ਨੂੰ ਬਿਆਨ ਕਰਦੀ ਹੈ, ਜਦੋਂ ਆਪ ਕਹਿੰਦੇ ਹਨ-ਬ੍ਰਹਮਨ ਬੈਸ ਸੂਦ ਅਰੁ ਖ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।। ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਕੁਲ ਦੋਇ।।'

ਜਦ ਤਕ ਹਰ ਵਿਅਕਤੀ ਦੂਜੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ ਤੇ ਦੂਜੇ ਦੀ ਪੀੜ ਹਰਨ ਲਈ ਉਸ ਦੇ ਦਿਲ ਵਿਚ ਦਰਦ ਪੈਦਾ ਨਹੀਂ ਹੁੰਦਾ ਉਸ ਨੂੰ ਦੂਜੇ ਦੀ ਪੀੜ ਦਾ ਅਹਿਸਾਸ ਨਹੀਂ ਹੁੰਦਾ, ਉਹ ਦੂਜੇ ਦੇ ਦੁਖਾਂ-ਸੁੱਖਾਂ ਤੋਂ ਜਾਣੂੰ ਨਹੀਂ ਹੋ ਸਕਦਾ ਤੇ ਨਾ ਹੀ ਉਸ ਦੇ ਦਿਲ ਵਿੱਚ ਦੂਜਿਆਂ ਪ੍ਰਤੀ ਸਹਾਨਭੂਤੀ ਪੈਦਾ


www.AKJ.Org

ਹੋ ਸਕਦੀ ਹੈ। ਇਸ ਸਬੰਧ ਵਿੱਚ ਭਗਤ ਜੀ ਦਾ ਨਿਰਣਾ ਜਨਕ ਕਥਨ ਹੈ।

"ਸੋ ਕਤ ਜਾਨੈ ਪੀਰ ਪਰਾਈ॥
ਜਾ ਕੈ ਅੰਤਰਿ ਦਰਦੁ ਨ ਪਾਈ॥ ੧॥ਰਹਾਉ॥
(ਪੰਨਾ੭੯੩)

ਭਗਤ ਰਵਿਦਾਸ ਜੀ ਨੇ ਜਨਮ, ਜਾਤ, ਧਰਮ, ਮਜ਼੍ਹਬ ਤੇ ਫਿਰਕੇਦਾਰੀ ਦੀਆਂ ਖੜੀਆਂ ਕੀਤੀਆਂ ਪੱਕੀਆਂ ਕੰਧਾਂ ਨੂੰ ਅਧਿਆਤਮਕ ਹਥੌੜੇ ਨਾਲ ਤੋੜਨ ਦਾ ਯਤਨ ਕੀਤਾ। ਇਨ੍ਹਾਂ ਕੰਧਾਂ ਕਰਕੇ ਹੀ ਦੇਸ਼ ਤੇ ਕੌਮ ਕਮਜ਼ੋਰ ਹੋ ਰਹੇ ਹਨ। ਰਵਿਦਾਸ ਜੀ ਨੇ ਅਨੁਭਵ ਕੀਤਾ ਕਿ ਜਦ ਤੱਕ ਦੇਸ਼ -ਵਾਸੀਆਂ ਵਿੱਚ ਏਕਤਾ ਕਾਇਮ ਨਹੀਂ ਹੁੰਦੀ ਤਦ ਤੱਕ ਦੇਸ਼ ਦਾ ਕਲਿਆਣ ਨਹੀਂ ਹੋ ਸਕਦਾ। ਉਨ੍ਹਾਂ ਨੇ ਧਾਰਮਿਕ ਤੇ ਸਮਾਜਿਕ ਏਕਤਾ, ਸਮਾਨਤਾ, ਭਾਵਾਤਮਿਕ ਏਕਤਾ ਤੇ ਮਾਨਵਤਾ ਨੂੰ ਇਕ ਖਾਸ ਅੰਦਾਜ ਵਿੱਚ ਪੇਸ਼ ਕੀਤਾ, ਭਾਵੇਂ ਕਿ ਆਪ ਨੂੰ ਇਸ ਬਦਲੇ ਸਮੇਂ ਦੇ ਹਾਕਮਾਂ ਤੇ ਧਾਰਮਕ-ਆਗੂਆਂ ਦਾ ਪ੍ਰਕੋਪ ਵੀ ਝੱਲਣਾ ਪਇਆ।

ਭਗਤ ਜੀ ਨੇ ਭਿੱਖਿਆ ਤੇ ਦਾਨ ਦੇ ਆਸਰੇ ਜੀਵਨ ਬਤੀਤ ਨਹੀਂ ਕੀਤਾ, ਸਗੋਂ ਦਸਾਂ ਨਹੁੰਆਂ ਦੀ ਕਮਾਈ ਭਗਤੀ ਤੇ ਕਿਰਤ ਨੂੰ ਇਕ ਥਾਂ ਕਰਕੇ ਸਾਬਤ ਕਰ ਦਿੱਤਾ ਕਿ ਹੱਥ ਕਾਰ ਵੱਲ ਤੇ ਚਿੱਤ ਕਰਤਾਰ ਵੱਲ ਰੱਖਿਆ ਜਾ ਸਕਦਾ ਹੈ।

ਜਦੋਂ ਰਾਜੇ-ਰਾਣੇ ਵੀ ਭਗਤ ਜੀ ਦੇ ਸ਼ਰਧਾਲੂ ਬਣ ਗਏ ਤਾਂ ਹੰਕਾਰੀ ਬ੍ਰਾਹਮਣ ਦਾ ਹੰਕਾਰ ਵੀ ਡੋਲ ਗਿਆ। ਭਗਤ ਜੀ ਨੇ ਆਪਣੀ ਬਾਣੀ ਰਾਹੀਂ ਸਪਸ਼ਟ ਕਰ ਦਿੱਤਾ ਕਿ ਪ੍ਰਮਾਤਮਾ ਨੂੰ ਕੇਵਲ ਭਗਤੀ ਪਿਆਰੀ ਹੈ, ਕਿਸੇ ਦੀ ਜ਼ਾਤ ਨਹੀਂ। ਭਗਤ ਰਵਿਦਾਸ ਜੀ ਦੇ 16 ਰਾਗਾਂ ਵਿੱਚ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਭਾਵੇਂ ਇਹਨਾਂ ਸ਼ਬਦਾਂ ਵਿੱਚ ਆਪ ਨੇ ਅੱਡ ਅੱਡ ਵਿਸ਼ਿਆਂ ਬਾਰੇ ਵਿਸ਼ਲੇਸ਼ਨ ਕੀਤਾ ਹੈ, ਪਰ ਸਭ ਤੋਂ ਵਿਲੱਖਣ ਬਾਤ ਇਹ ਹੈ ਕਿ ਆਪ ਨੇ ਆਪਣੀ ਜ਼ਾਤ ਬਾਰੇ, ਆਪਣੇ ਧੰਦੇ ਬਾਰੇ ਲਿਖਦਿਆਂ ਕੋਈ ਪੜਦਾ ਪਾਉਣ ਜਾਂ ਲੁਕਾਉਣ ਦਾ ਯਤਨ ਨਹੀਂ ਕੀਤਾ, ਸਗੋਂ ਬੜੇ ਨਿਸੰਗ ਹੋ ਕੇ ਲਿਖਿਆ ਹੈ :-

"ਨਾਗਰ ਜਨਾਂ, ਮੇਰੀ ਜਾਤਿ ਬਿਖਿਆਤ ਚੰਮਾਰੰ"
ਕਹਿ ਰਵਿਦਾਸ ਖਲਾਸ ਚਮਾਰਾ" ਆਦਿ।

ਆਪ ਨੇ ਪ੍ਰਭੂ-ਪ੍ਰਮਾਤਮਾ, ਜਿਸ ਨੂੰ ਆਪ ਨੇ ਨਿਰੰਜਨ ਲਿਖਿਆ ਹੈ, ਦੀ ਪ੍ਰਾਪਤੀ ਦੇ ਅਨੁਭਵ ਨੂੰ ਨਿਰੂਪਨ ਕਰਦਿਆਂ ਹੋਇਆਂ ਪ੍ਰੇਮਾ-ਭਗਤੀ ਦਾ ਰਾਹ ਦੱਸਿਆ ਹੈ। ਆਪ ਜੀ ਦੇ ਸਪਸ਼ਟ ਸੰਕੇਤ ਹਨ- 'ਗੁਰ ਪਰਸਾਦਿ ਨਿਰੰਜਨੁ ਪਾਵਉ॥' 'ਮਿਲ ਸਾਧ ਸੰਗਤ ਪਾਈ ਪਰਮਗਤੇ॥' ਆਪ ਨੇ ਆਤਮ-ਗਿਆਨ ਦੇ ਪ੍ਰਗਾਸ਼ ਤੇ ਪ੍ਰੇਮਾ-ਭਗਤੀ ਉਤੇ ਬਹੁਤ ਜ਼ੋਰ ਦਿੱਤਾ ਹੈ। ਆਪ ਕਹਿੰਦੇ ਹਨ ਜਦੋਂ ਗਿਆਨ ਦੀ ਉਪਜ ਹੋਈ ਤਾਂ ਅੰਦਰ ਪ੍ਰਕਾਸ਼ ਹੋ ਗਿਆ, ਉਪਜਿਓ ਗਿਆਨੁ ਹੂਆ ਪਰਗਾਸ" ਗਿਆਨ ਹੋ ਜਾਣ ਨਾਲ ਕਰਮਾਂ ਦਾ ਨਾਸ਼ ਹੋ ਗਿਆ, ਗਿਆਨੁ ਭਇਆ ਤਹ ਕਰਮਹ ਨਾਸੁ॥" ਨਿਰੰਜਨ ਦੀ ਪ੍ਰਾਪਤੀ ਆਪ ਗੁਰੂ ਦੀ ਮਿਹਰ ਨੂੰ ਮੰਨਦੇ ਹਨ। ਆਪ ਦਾ ਕਥਨ ਹੈ- *ਗੁਰ ਪਰਸਾਦਿ ਨਿਰੰਜਨੁ ਪਾਵਉ॥* ਨਿਰੰਜਨ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਤੇ ਸਾਧ-ਸੰਗਤ ਦੁਆਰਾ ਹੀ ਹੋ ਸਕਦੀ ਹੈ। ਰਾਗ ਧਨਾਸਰੀ 'ਚ ਆਪ ਦਾ ਕਥਨ ਹੈ *ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥"*

ਆਪ ਨੇ ਤੀਰਥਾਂ ਦਾ ਭ੍ਰਮਣ ਕਰਨਾ ਤੇ ਕਰਮ-ਕਾਂਡੀ ਵਿੱਧੀਆਂ ਅਪਨਾਉਣ ਨੂੰ ਨਿੰਦਿਆ ਹੈ ਤੇ ਨਿੰਦਕ ਬਾਰੇ ਕਿਹਾ ਹੈ, *"ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥"*

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ 'ਚ ਸੱਚ ਨੂੰ ਦਲੇਰੀ ਨਾਲ ਪ੍ਰਗਟਾਇਆ। ਆਪ ਨੇ ਗੱਜ-ਵੱਜ ਕੇ ਕਿਹਾ ਕਿ ਮੈਂ ਚਮਾਰ ਹਾਂ, ਜੁੱਤੀਆਂ ਗੰਢਦਾਂ ਹਾਂ, ਭਾਵੇਂ ਮੈਨੂੰ ਇਹ ਧੰਦਾ ਵੀ ਚੰਗੀ ਤਰਾਂ ਨਹੀਂ ਆਉਂਦਾ, ਪਰ ਲੋਕ ਫੇਰਵੀ ਮੈਥੋਂ ਜੁੱਤੀਆਂ ਗੰਢਾਉਂਦੇ ਹਨ। ਪਰ ਨਾਲ ਹੀ ਆਪ ਨੇ ਦ੍ਰਿੜਤਾ ਨਾਲ ਆਖਿਆ ਕਿ ਇਸ ਚਮਾਰ ਨੂੰ ਕੁਲੀਨ ਬ੍ਰਾਹਮਣ ਵੀ ਨਮਸਕਾਰਾਂ ਕਰਦੇ ਹਨ। ਇਹ ਮੇਰਾ ਮਾਣ ਨਹੀਂ, ਮੇਰੀ ਭਗਤੀ ਦਾ ਬਲ ਹੈ। ਇਤਨਾ ਵਿਸ਼ਵਾਸ਼ ਸੀ ਭਗਤ ਜੀ ਨੂੰ ਪ੍ਰਭੂ-ਭਗਤੀ ਤੇ। ਜਿਨ੍ਹਾਂ ਲੋਕਾਂ ਨੂੰ ਸਦੀਆਂ ਤੋਂ ਸਮਾਜ ਵਿੱਚ ਚਮਾਰ ਕਿਹਾ ਜਾਂਦਾ ਰਿਹਾ ਹੈ, ਰਵਿਦਾਸ ਜੀ ਸਦਕਾ ਅੱਜ ਉਹ 'ਚਮਾਰ' ਨਹੀਂ, 'ਰਵਿਦਾਸੀਏ' ਹੋ ਗਏ ਹਨ। ਅੱਜ ਚਮਾਰ ਨੂੰ ਚਮਾਰ ਕਹਿਣਾ ਕਾਨੂੰਨ ਦੁਆਰਾ ਗਲਤ ਹੈ, 'ਰਵਿਦਾਸੀਆ' ਅਖਵਾਉਣਾ ਮਾਣ-ਮਤੀ ਵਡਿਆਈ ਹੈ। ਭਗਤ ਜੀ ਨੇ ਦ੍ਰਿੜਤਾ ਨਾਲ ਕਿਹਾ ਹੈ, 'ਪ੍ਰੇਮਾ-ਭਗਤੀ ਦਾ ਅੰਮ੍ਰਿਤ-ਰਸ ਚਖੱਣ ਦਾ ਅਧਿਕਾਰ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਨੂੰ ਨਹੀਂ, ਸਗੋਂ ਜਗਿਆਸੂ ਭਾਵੇਂ ਕਿਸੇ ਜਾਤੀ ਵਿਚੋਂ ਹੋਵੇ, ਉਸ ਅੰਦਰ ਜੋ ਰੂਹਾਨੀ-ਚੇਤਨਾ ਪੈਦਾ ਹੋ


www.AKJ.Org

ਜਾਵੇ ਤਾਂ ਉਹ ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਤੇ ਪੁੱਜ ਸਕਦਾ ਹੈ। ਰਾਗ ਬਿਲਾਵਲ ਵਿੱਚ ਆਪ ਜੀ ਦਾ ਇਸ ਪ੍ਰਥਾਇ ਕਥਨ ਇਸ ਤਰਾਂ ਹੈ :-

ਜਿਹ ਕੁਲ ਸਾਧੁ ਬੈਸਨੌ ਹੋਇ।। ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ।।੧।। ਰਹਾਉ।। ਬ੍ਰਹਮਨ ਬੈਸ ਸੂਦ ਅਰੁ ਖ੍ਯ੍ਰਤੀ ਡੋਮ ਚੰਡਾਰ, ਮਲੇਛ ਮਨ ਸੋਇ।।ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।੨।। ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ।। ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ।।੨।। ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ।। ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗ ਓਇ।।"(੮੫੮)

ਐਸੇ ਭਗਤ ਰਵਿਦਾਸ ਜੀ ਦੀ ਰਚਨਾ ਨੂੰ ਗਹੁ ਨਾਲ ਵਿਚਾਰਿਆਂ, ਆਪ ਦੇ ਬਨਾਰਸ ਦੇ ਆਸ ਪਾਸ ਦੇ ਵਾਂਸੀ ਹੋਣ ਦਾ ਹਵਾਲਾ ਮਿੱਲ ਜਾਂਦਾ ਹੈ। ਆਪ ਦਾ ਕਥਨ ਹੈ -

"ਨਾਂਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।। ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।। (ਪੰਨਾ ੧੨੯੩)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਫਾਰਸੀ ਲਫਜਾਂ ਤੇ ਵਿਚਾਰਾਂ ਦੀ ਵਰਤੋਂ ਮਿਲਦੀ ਹੈ। ਇਹ ਲਫਜ ਤਤ ਸਮ ਤੇ ਤਤ ਤਵ ਦੋਹਾਂ ਰੂਪਾਂ ਵਿਚ ਹਨ। ਜਿਵੇਂ ਕਿ-ਪੁਰਸਲਾਤ ਕਾ ਪੰਥ ਦੁਹੇਲਾ, ਬੇਗਮਪੁਰਾ ਸ਼ਹਿਰ ਕਾ ਨਾਉ, ਨਾ ਤਸਵੀਸ਼ ਖਿਰਾਜ ਨ ਮਾਲ, ਖਉ ਨ ਖਤਾ ਨ ਤਰਸ ਰਵਾਲ, ਦੋਇਮ ਸੋਇਮ ਆਦਿ।

ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ ਦੇ ਸਮੇਂ ਬਾਨਾਰਸ ਦੇ ਆਸ ਪਾਸ ਦੇ ਇਲਾਕੇ ਵਿੱਚ ਫਾਰਸੀ ਸ਼ਬਦਾਂ ਦੀ ਬੋਲ ਚਾਲ ਸਮੇਂ ਆਪ ਵਰਤੋਂ ਹੁੰਦੀ ਹੋਵੇਗੀ ।

---

(ਪੰਨਾ ੨ ਦਾ ਬਾਕੀ..)

ਕਰਮ ਕੀਤੇ ਭੀ ਨਿਸਫਲ ਹਨ। ਯਥਾ ਗੁਰਵਾਕ -

ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ।।
ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ।।
ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ.....।।੬।।

(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ ੧੪੧੧)

ਭਾਵ-ਤ੍ਰਿਸ਼ਨਾ ਰੂਪੀ ਅਗਨੀ ਤਾਂ ਬੁਝਦੀ (ਮਰਦੀ) ਹੈ ਜੇ ਨਾਮ ਰੂਪੀ ਜਲ ਲਭੇ। ਇਹ ਨਾਮ ਰੂਪੀ ਜਲ ਦੀ ਨਿਧਿ (ਪੂੰਜੀ) ਸਤਿਗੁਰੂ ਨਾਨਕ ਦੇ ਦੁਆਰਿਓਂ ਹੀ ਮਿਲਦੀ ਹੈ। ਇਸ ਤੋਂ ਬਿਨਾਂ ਪ੍ਰਾਣੀ ਨੂੰ ਆਵਾਗਉਣ ਦੇ ਚਕਰ ਵਿਚਿ ਹੀ ਘੁੰਮਣਾ ਭ੍ਰਮਣਾ ਪੈਂਦਾ ਹੈ, ਭਾਵੇਂ ਲੱਖਾਂ ਆਨਮਤ ਕਰਮ ਕਰ ਲਵੇ। ਪਰ ਸਤਿਗੁਰੂ ਦੀ ਭਾਇ ਭਗਤੀ ਉਪਰ ਭਰੋਸਾ ਰਖ ਕੇ ਜੋ ਵਰਤੋਂ ਕਰੇ ਤਾਂ ਨਾ ਤਾਂ ਜਮ ਲਗਦਾ ਹੈ,ਨਾ ਅਗੇ ਜਾ ਕੇ ਜਾਗਾਤੀਆਂ ਨੂੰ ਜਗਾਤ ਦੇਣੀ ਪੈਂਦੀ ਹੈ। ਜਗਾਤ ਲਗਦੀ ਹੀ ਨਹੀਂ ਗੁਰਮਤਿ ਭਾਇ ਨਾਮ ਜਪਣ ਵਾਲਿਆਂ ਨੂੰ, ਅਤੇ ਲਖ ਚੁਰਾਸੀ ਜੂਨੀਆਂ ਵਿਚਿ ਭਰਮਣ ਦਾ ਗੇੜ ਭੀ ਮੁਕ ਜਾਂਦਾ ਹੈ-

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ।।ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ...।।੩੨।।

(ਸਲੋਕ ਵਾਰਾਂ ਤੇ ਵਧੀਕ ਮ: ੩, ਪੰਨਾ ੧੪੧੬)

ਗੁਰ ਸ਼ਬਦਿ, ਗੁਰ ਦੀਖਿਆ, ਗੁਰਮੰਤ੍ਰ ਦੀ ਕਮਾਈ ਕਰਦਾ ਕਰਦਾ ਜੋ ਜਨ ਮਰਿਜੀਵਾ ਹੋ ਜਾਵੇ, ਸੋਈ ਅਗੇ ਹਰਿ ਦਰਗਹਿ ਜਾ ਕੇ ਸੁਰਖਰੂ ਹੁੰਦਾ ਹੈ, ਕਿਉਂਕਿ ਉਹ ਬਾਜ਼ੀ ਜਿਤ ਕੇ ਘਰਿ ਆਉਂਦਾ ਹੈ, ਮਨੁਖਾ ਜਨਮ ਨੂੰ ਜਿੱਤ ਲੈਂਦਾ ਹੈ। ਅਗੇ ਭੀ ਜੀਵਨ-ਮੁਕਤ ਪਦਵੀ ਦਾ ਸਿਹਰਾ ਉਸ ਨੂੰ ਮਿਲਦਾ ਹੈ। ਬਿਨਾਂ ਗੁਰ-ਸ਼ਬਦ ਤੋਂ ਕਿਸੇ ਭੀ ਪ੍ਰਾਣੀ ਦੀ ਮੁਕਤੀ ਨਹੀਂ ਹੁੰਦੀ। ਸ਼ਬਦ ਬਿਹੂਣੀ ਸਾਰੀ ਸਿਸ੍ਰਟੀ ਪਰਜਾ ਵਿਗੋਚੇ ਵਿਚ ਹੀ ਹੈ। ਚਾਹੇ ਅਨੇਕਾਂ ਕਰਮਾਂ ਨੂੰ ਕਰਿ ਕਰਿ ਹੰਭ ਜਾਵੇ ਅਤੇ ਭੇਖਾਂ ਵਿਚਿ ਭ੍ਰਮ ਥਕੇ, ਦੂਜੇ ਭਾਇ ਵਿਚਿ ਗੁਮਰਾਹ ਹੋਈ ਰਹਿੰਦੀ ਹੈ। ਜਿਤਨੇ ਭੀ ਆਨਮਤ ਭੇਖ ਕਰਮ ਹਨ ਸਭ ਦੂਜੇ ਭਾਇ ਵਿਚਿ ਭ੍ਰਮਿ ਭੁਲਾਉਣ ਦੇ ਚਕਮੇ ਹਨ।

ਬਾਹਰਿ ਪਾਖੰਡ ਸਭ ਕਰਮ ਕਰਹਿ
ਮਨਿ ਹਿਰਦੈ ਕਪਟੁ ਕਮਾਇ.....।।੪੧।।

(ਸਲੋਕ ਵਾਰਾਂ ਤੇ ਵਧੀਕ ਮ: ੩, ਪੰਨਾ ੧੪੧੭)

ਜਿਤਨੇ ਭੀ ਆਨਮਤਾਂ ਦੇ ਪਾਖੰਡ ਕਰਮ ਹਨ ਸਭ ਬਾਹਜ-ਮੁਖੀ ਫੋਕਟ ਕਰਮ ਹੀ ਹਨ। ਮਨ ਹਿਰਦੇ ਅੰਦਰਿ ਕਪਟ ਹੀ ਰਹਿੰਦਾ ਹੈ। ਤਾਂਤੇ ਕਪਟ ਕੀਤਿਆਂ ਕਪਟ ਕਮਾਈਆਂ ਕੁਛ ਭੀ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹਨ।

■ ■ ■ ■ ■



www.AKJ.Org

# ਹੇ ਕਾਮੰ ਨਰਕ ਬਿਸ੍ਰਾਮੰ

(ਪ੍ਰਿੰ ਸੱਜਣ ਸਿੰਘ ਜੀ )

ਕਾਮ ਇਕ ਬਹੁਤ ਬਲਵਾਨ ਮੂਲ ਪ੍ਰਵਿਤ੍ਰੀ ਹੈ, ਜਿਸ ਦੀ ਪਕੜ ਤੋਂ ਬਚਣਾ ਸੌਖਾ ਨਹੀਂ। ਕੋਈ ਜੀਵ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਸ ਨੇ ਕਾਮ ਦੇਵਤਾ ਨੂੰ ਆਪਣੇ ਵੱਸ ਵਿਚ ਕੀਤਾ ਹੈ। ਹਜ਼ਾਰਾਂ ਲੱਖਾਂ ਵਿਚੋਂ ਕੋਈ ਵਿਰਲਾ ਹੀ ਵਡਭਾਗਾ ਜਨ ਇਸ ਦੇ ਪ੍ਰਭਾਵ ਤੋਂ ਸੁਤੰਤਰ ਹੈ। ਕਈ ਚੋਟੀ ਦੇ ਰਿਸ਼ੀ ਮੁਨੀ ਕਾਮ ਵਾਸ਼ਨਾ ਦੀ ਪ੍ਰੀਖਿਆ ਵਿਚ ਬੁਰੀ ਤਰਾਂ ਫੇਲ ਹੋਏ ਹਨ। ਸਾਧਾਰਨ ਜੀਵ ਦਾ ਕੀ ਕਹਿਣਾ ਬ੍ਰਹਮਾ ਆਪਣੀ ਲੜਕੀ ਤੇ ਮੋਹਤ ਹੋ ਗਿਆ। ਪੰਜਾਂ ਵਿਸ਼ੇ ਵਿਕਾਰਾਂ ਵਿਚੋਂ ਪਹਿਲਾ ਸਥਾਨ ਰੱਖਣ ਵਾਲੇ ਕਾਮ ਦਾ ਵਾਰ ਦੋ ਮੂਹੇਂ ਸੱਪ ਵਾਂਗਰ ਹੈ। ਇਸ ਲੋਕ ਵਿਚ ਖੱਜਲ ਖੁਆਰੀ ਹੁੰਦੀ ਤੇ ਪਰਲੋਕ ਵਿਚ ਭੀ ਢੋਈ ਨਹੀਂ ਮਿਲਦੀ। ਪੰਚਮ ਪਾਤਸ਼ਾਹ ਦੇ ਅਮਲੋਕ ਬਚਨ ਢੁੱਕਵੇਂ ਤੇ ਯਥਾਰਥ ਭਰੇ ਹਨ।

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।।
ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ।।
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ।। ਤਵ
ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ।।੪੬।।

(ਸਲੋਕ ਸਹਸਕ੍ਰਿਤੀ ਮਹਲਾ ੫-੧੩੫੮)

ਕਾਮ ਦਾ ਵਿਸ਼ੇਸ਼ ਗੁਣ ਜਜ਼ਬਾਤੀ ਹੋਣਾ ਹੈ। ਇਸ ਪੱਖੋਂ-ਕ੍ਰੋਧ ਵੀ ਇਸ ਵਰਗ ਨਾਲ ਸੰਬੰਧਤ ਹੈ। ਇਸ ਕਰਕੇ ਕਾਮ-ਕ੍ਰੋਧ ਦੋਹਾਂ ਦਾ ਵਰਨਣ ਗੁਰਬਾਣੀ ਵਿੱਚ ਬਹੁਤ ਵਾਰ ਆਇਆ ਹੈ। ਜਜ਼ਬਾਤ ਦੇ ਵਹਿਣ ਵਿੱਚ ਰੁੜੇ ਹੋਏ ਬੰਦੇ ਉੱਤੇ ਗਿਆਨ ਤੇ ਉਪਦੇਸ਼ ਦਾ ਕੋਈ ਅਸਰ ਨਹੀਂ ਪੈਂਦਾ। ਬੰਦਾ ਸਭ ਕਿਛ ਸਮਝਦਾ ਹੋਇਆ ਤੇ ਭਵਿੱਖ ਦਾ ਨਕਸ਼ਾ ਤੱਕਦਾ ਹੋਇਆ ਵੀ ਆਪਣੇ ਆਪ ਨੂੰ ਨਰਕ ਘੋਰ ਤੇ ਪਾਪਾਂ ਦੀ ਅਗਨੀ ਵਿੱਚ ਸੁੱਟਣ ਤੋਂ ਰੋਕ ਨਹੀਂ ਸਕਦਾ। ਬੇਸ਼ਕ ਕਈ ਬੁਰੇ ਕਰਮ ਅਗਿਆਨਤਾ ਜਾਂ ਮੂਰਖਤਾ ਕਾਰਨ ਹੁੰਦੇ ਹਨ ਪਰ ਕਾਮ-ਵਾਸ਼ਨਾ ਦੁਆਰਾ ਕੀਤਾ ਕੈਸਾ ਅਜਬ ਕੁਕਰਮ ਹੈ ਜਿਸ ਦੇ ਸ਼ਿਕਾਰ ਸਿਆਣੇ ਤੇ ਗਿਆਨਵਾਨ ਵੀ ਹੋ ਜਾਂਦੇ ਹਨ।

ਇਹ ਸਾਡੇ ਕਰਤੂਤਾਂ ਦੀ ਹਕੀਕਤ ਹੈ, ਪੰਜਾਂ ਲੁਟੇਰਿਆਂ ਦਾ ਤੇ ਖਾਸ ਕਰਕੇ ਕਾਮ ਵਾਸ਼ਨਾ ਦਾ ਮੁੱਖ ਧਰਮ, ਮਨ ਨੂੰ ਮੋਹਣਾ, ਚਿੱਤ ਨੂ ਹਰਣਾ, ਗਿਆਨ ਰਤਨ ਨੂੰ ਲੁੱਟਣਾ ਤੇ ਨਰਕ ਦੇ ਖੂਹ ਵਿੱਚ ਸੁੱਟਣਾ ਹੈ।

ਇਸੁ ਤਨ ਮਨ ਮਧੇ ਮਦਨ ਚੋਰ।।
ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ।।
ਮੈ ਅਨਾਥੁ ਪ੍ਰਭ ਕਹਉ ਕਾਹਿ।।
ਕੋ ਕੋ ਨ ਬਿਗੂਤੋ ਮੈ ਕੋ ਆਹਿ।।

(ਬਸੰਤ ਬਾਣੀ ਕਬੀਰ ਕੀ-੧੧੯੪)

ਇਸ ਕਾਮ ਤੋਂ ਕੌਣ ਕੌਣ ਨਾਸ਼ ਤੇ ਬਰਬਾਦ ਨਹੀਂ ਹੋਇਆ। ਮੈਂ ਨਿਤਾਣਾ ਤੇ ਅਨਾਥ ਜੀਵ ਕਿਸ ਖੇਤ ਦੀ ਮੂਲੀ ਹਾਂ। ਇਸ ਨਾਮੁਰਾਦ ਤੋਂ ਸਾਵਧਾਨ ਰਹਿਣ ਦੀ ਇਕੋ ਜੁਗਤੀ ਹੈ, ਆਪਣਾ ਆਪ ਤਿਆਗ ਕੇ ਸੱਚੇ ਦਿਲੋਂ ਅਰਦਾਸ ਕਰਨੀ।

ਕਾਮੀ ਪੁਰਸ਼ ਦੀ ਖਾਸ ਪਛਾਣ ਇਹ ਹੈ ਕਿ ਉਸ ਨੂੰ ਇਸਤਰੀ ਪਿਆਰੀ ਲੱਗਦੀ ਹੈ, ਉਸ ਦੀ ਸੁੰਦਰਤਾ ਆਕਰਖਤ ਕਰਦੀ ਹੈ ਮਨ ਵਿੱਚ ਹੋਰ ਵਿਚਾਰ ਟਿਕਦਾ ਨਹੀਂ, ਕੇਵਲ ਉਸ ਦੀ ਤਸਵੀਰ ਖਿਆਲਾਂ ਵਿੱਚ ਛਾਈ ਰਹਿੰਦੀ ਹੈ। ਗੁਰਬਾਣੀ ਅਨੁਸਾਰ ਰੂਪ ਤੇ ਕਾਮ ਦਾ ਸੰਬੰਧ, ਭੁੱਖ ਤੇ ਸੁਆਦ ਦੇ ਸੰਬੰਧ ਵਾਂਗਰ ਹੈ। ਸਲੋਕ ਮਹਲਾ ੧-

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।। (੧੨੮੮)

ਜਿਉ ਸੁੰਦਰਤਾ ਤੱਕ ਤੱਕ ਅੱਖਾਂ ਨਹੀਂ ਰੱਜਦੀਆਂ, ਤਿਵੇਂ ਕਾਮ ਵਾਸ਼ਨਾ ਦੀ ਵੀ ਤ੍ਰਿਪਤੀ ਨਹੀਂ ਹੁੰਦੀ। ਸਰੀਰ ਅਨੇਕ ਸੁਆਦਾਂ ਵਿੱਚ ਗਲਤਾਨ ਹੈ। ਅੱਖਾਂ ਨੂੰ ਦ੍ਰਿਸਟੀ ਦਾ ਰਸ, ਕੰਨਾਂ ਨੂੰ ਸੁਨਣ ਦਾ ਰਸ, ਨੱਕ ਨੂੰ ਵਾਸ਼ਨਾ ਦਾ ਰੱਸ, ਜੀਭ ਨੂੰ ਸੁਆਦ ਦਾ ਰਸ, ਤੇ ਚਮੜੀ ਨੂੰ ਸਪਰਸ਼ ਦਾ ਰਸ। ਇਹ ਸਾਰੇ ਰਸ ਦੁੱਖਾਂ ਦਾ ਕਾਰਨ ਬਣਦੇ ਹਨ। ਗੁਰਦੇਵ ਜੀ ਦਾ ਫੁਰਮਾਨ ਹੈ।

ਮਹਲਾ੧।।...... ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ।।
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ।।(੧੨੮੭)

ਤਾਂ ਤੇ ਦੁਖਾਂ ਦੀ ਨਵਿਰਤੀ ਦਾ ਸਾਧਨ ਰਸਾਂ ਕਸਾਂ ਤੋਂ ਨਿਰਲੇਪਤਾ ਹੈ। ਸਪਰਸ਼ ਦਾ ਪ੍ਰਭਾਵ ਸਾਰੇ ਜੀਵਾਂ ਤੇ ਇਕੋ ਜੈਸਾ ਨਹੀਂ ਪੈਂਦਾ। ਅੱਲਗ ਅੱਲਗ ਸਥਿਤੀਆਂ ਵਿੱਚ ਵੱਖਰਾਂ-ਪਨ ਅਵੱਸ਼ ਹੁੰਦਾ ਹੈ। ਬੱਚਿਆਂ, ਗੁਰਸਿੱਖਾਂ, ਸੇਵਕਾਂ ਸਾਧਕਾ ਤੇ ਗਿਆਨੀ ਪੁਰਸ਼ਾਂ ਦਾ ਸਪਰਸ਼ ਨਿਰਮਲ ਪਵਿੱਤਰ ਤੇ ਅਨੰਦਮਈ ਹੈ। ਛੋਟੇ ਬਾਲਕ ਲਈ ਆਪਣੇ ਮਾਤਾ ਪਿਤਾ ਦੀ ਗੋਦ ਹੀ ਖੁਸ਼ੀ ਤੇ ਪ੍ਰਸੰਨਤਾ ਦਾ ਸੋਮਾ ਹੈ। ਗੁਰਸਿੱਖਾਂ ਦੀ ਆਪਸੀ ਸਨੇਹ ਭਰੀ ਗਲਵੱਕੜੀ ਨਾਮ ਰਸ ਦੇ ਉਤਸ਼ਾਹ ਦਾ ਸਾਧਨ ਹੈ। ਸੱਚੇ ਗੁਰਦੇਵ ਜੀ ਦੇ ਚਰਨ ਕਮਲਾਂ ਦਾ ਪਾਰਸਮਈ ਸਪਰਸ਼ ਜਿਸ ਸੇਵਕ ਜਨ ਦੇ ਮਸਤਕ ਨੂੰ ਨਸੀਬ ਹੁੰਦਾ



www.AKJ.Org

ਹੈ, ਉਸ ਦੀ ਜਨਮ ਜਨਮ ਦੀ ਮੈਲ ਧੋਤੀ ਜਾਂਦੀ ਹੈ।

ਅਕਾਲ ਪੁਰਖ ਨੂੰ ਵਿਸਾਰਨ ਵਾਲੇ ਤੇ ਸੰਸਾਰਕ ਰਸਾਂ ਵਿੱਚ ਖੱਚਤ ਹੋਏ ਮਨੁੱਖ ਨੂੰ ਦੁੱਖ ਹੀ ਦੁੱਖ ਹਨ। ਉਨ੍ਹਾਂ ਨੂੰ ਅਜਿਹੇ ਰੋਗ ਵਿਆਪਦੇ ਹਨ, ਜਿਨਾਂ ਦਾ ਦਾਰੂ ਵੈਦਾਂ ਤੇ ਡਾਕਟਰਾਂ ਕੋਲ ਨਹੀਂ ਹੈ। ਸੰਸਾਰ ਭਰ ਵਿੱਚ ਇਨ੍ਹਾਂ ਰੋਗਾਂ ਦਾ ਵਿਗਿਆਪਨ ਤੇ ਪਰਚਾਰ ਦੇਖਣ ਵਿੱਚ ਆਉਂਦਾ ਹੈ ਪਰ ਅਜੇ ਤਕ ਇਨ੍ਹਾਂ ਦੀ ਔਖਧੀ ਨਹੀਂ ਲੱਭੀ। ਗੁਰ ਫੁਰਮਾਨ ਹੈ -

ਮਲਾਰ ਮਹਲਾ ੧॥..... ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥.....(੧੨੫੬)

ਗਿਆਨ ਤੋਂ ਅੰਨੇ ਜੀਵ ਨੂੰ ਇਸ ਦੀ ਸਜ਼ਾ ਅਵੱਸ਼ ਮਿਲਣੀ ਹੈ। ਸਰੀਰ ਦੀ ਪੀੜਾ ਤੇ ਮਨ ਦੀ ਵੇਦਨ ਕਿਸੇ ਜੁਗਤੀ ਨਾਲ ਨਹੀਂ ਹੱਟਦੀ। ਅਗਲੀ ਪੰਗਤੀ ਵਿੱਚ ਬਿਮਾਰੀ ਦੇ ਕਾਰਨ ਤੇ ਡਾਕਟਰਾਂ ਦੀ ਮਜਬੂਰੀ ਦਾ ਜ਼ਿਕਰ ਵੀ ਕੀਤਾ ਹੈ।

ਦਰਦੁ ਹੋਵੈ ਦੁਖੁ ਰਹੈ ਸਰੀਰ॥
ਐਸਾ ਦਾਰੂ ਲਗੈ ਨ ਬੀਰ॥੧॥ ਰਹਾਉ॥
ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥੨॥

ਸਪਰਸ਼ ਰਸ ਤੋਂ ਉਪਜੇ ਦੁਖਾਂ ਬਾਰੇ ਗੁਰਦੇਵ ਜੀ ਨੇ ਹਾਥੀ ਦੀ ਉਦਾਹਰਣ ਦਿੱਤੀਹੈ। ਇਸ ਵਿੱਚ ਇਕ ਡੂੰਘਾ ਟੋਆ ਪੁੱਟਣਾ; ਉਪੱਰ ਘਾਹ-ਫੂਸ ਰੱਖਣਾ, ਤੇ ਇਸ ਉਤੇ ਕਾਗਜ਼ ਦੀ ਵੱਡੀ ਹਥਣੀ ਬਣਾ ਕੇ ਟਿਕਾਉਣੀ ਅਰਥਾਤ ਹਾਥੀ ਨੂੰ ਪਕੜਨ ਦੀ ਇਸ ਜੁਗਤੀ ਵਲ ਇਸ਼ਾਰਾ ਕੀਤਾ ਹੈ। ਭਗਤ ਕਬੀਰ ਦੇ ਬਚਨ ਹਨ :-

ਗਉੜੀ॥ ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥ ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸਿ॥੧॥ ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ॥ ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ॥

(੩੩੫-੩੩੬)

ਇਨ ਬਿਧਿ ਪਕੜਿਆ ਹਾਥੀ ਆਪਣੀ ਸੁੰਤਤਰਤਾ ਖੋਹ ਬਹਿੰਦਾ ਹੈ ਤੇ ਉਮਰ ਭਰ ਸਿਰ ਤੇ ਅੰਕਸ ਸਹਿੰਦਾਹੈ।

ਕਾਮ ਦੀ ਪਹੁੰਚ ਬਹੁਤ ਦੂਰ ਤੱਕ ਹੈ। ਇਸ ਦਾ ਪਸਾਰਾ ਤਿੰਨਾਂ ਲੋਕਾਂ ਵਿਚ ਹੈ। ਇਹ ਏਨਾ ਆਕੀ, ਅੜੀਅਲ, ਜ਼ਿਦੀ ਤੇ ਸੁਤੰਤਰ ਹੈ ਕਿ ਸੰਸਾਰ ਦੇ ਕਿਸੇ ਬੰਧਨ ਵਿਚ ਨਹੀਂ ਆਉਂਦਾ। ਅਮੀਰੀ-ਗਰੀਬੀ,ਜਾਤਿ ਪਾਤਿ, ਨਸਲ, ਧਰਮ ਦੇਸ ਪਰਦੇਸ਼, ਰੰਗ ਰੂਪ, ਆਦਿ ਸਾਰੀਆਂ ਬੰਦਸ਼ਾਂ ਕਾਮ ਦੇ ਵੇਗ ਨੂੰ ਠੱਲ ਪਾਉਣ ਦੇ ਅਸਮਰਥ ਹਨ। ਆਧੁਨਿਕ ਸਮੇਂ ਤਾਂ ਬਹੁਤ ਫਰਕ ਪੈ ਗਿਆ ਹੈ ਪਰ ਗੁਰੂ ਸਾਹਿਬ ਦੇ ਸਮੇਂ ਹਿੰਦੂ ਜਾਤੀ ਵਿਚ ਜਾਤਿ ਪਾਤਿ ਦਾ ਵਿਤਕਰਾ ਬਹੁਤ ਸੀ। ਉਸ ਸਮੇਂ ਹਜ਼ੂਰ ਨੇ ਫੁਰਮਾਇਆ ਕਿ ਕਾਮ ਜਾਤਿ ਪਾਤਿ ਨਹੀਂ ਤੱਕਦਾ।

ਸਲੋਕੁ ਮਹਲਾ ੧॥...... *ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥.. (੧੩੭) ਇਸ ਸ਼ਬਦ ਵਿਚ ਗੁਰਦੇਵ ਜੀ ਨੇ ਜੀਵ ਦੀਆਂ ਜਨਮ ਤੋਂ* ਲੈ ਕੇ ਮੌਤ ਤਕ ਦੀਆਂ ਰੁੱਚੀਆਂ ਦਾ ਚਿਤਰ ਉਲੀਕਿਆ ਹੈ।

ਪਰਤ੍ਰਿਅ ਗਵਣ ਜਾਣਾ ਬੇਸ਼ਰਮੀ ਤੇ ਕੁੱਲਜ ਦੀ ਇਨਤਹਾ ਹੈ, ਸਿਖਰ ਹੈ। ਇਸ ਦੀ ਆਰੰਭਤਾ ਪਰਾਏ ਰੂਪ ਨੂੰ ਤੱਕਣ ਤੋਂ ਹੁੰਦੀ ਹੈ। ਪਰਦ੍ਰਿਸਟੀ ਵਿਕਾਰ ਦੀ ਜੜ੍ਹ ਹੈ ਜਿਸ ਤੋਂ ਸਾਨੂੰ ਗੁਰਦੇਵ ਜੀ ਨੇ ਵਰਜਿਆ ਹੈ।

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥
ਸਾਧ ਕੀ ਟਹਲ ਸੰਤ ਸੰਗਿ ਹੇਤ॥

(ਸੁਖਮਨੀ ਸਾਹਿਬ-੨੭੪)

ਇਹ ਇਕ ਐਸਾ ਕੁਕਰਮ ਹੈ ਜਿਹੜਾ ਛੁਪਾਇਆਂ ਛੁਪਦਾ ਨਹੀਂ ਤੇ ਲਸਣ ਦੀ ਗੰਧ ਵਾਗਰ ਅੰਤ ਪ੍ਰਗਟ ਹੋ ਹੀ ਜਾਂਦਾ ਹੈ। ਹਜ਼ੂਰ ਦੇ ਬਚਨ ਹਨ :-

ਅਨਿਕ ਪੜਦੇ ਮਹਿ ਕਮਾਵੈ ਵਿਕਾਰ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ॥

ਗਉੜੀ ਮਹਲਾ ੫-੧੯੪)

ਜੇ ਕੋਈ ਜੀਵ ਇਸ ਕੁਕਰਮ ਨੂੰ ਛੁਪਾਉਣ ਦਾ ਯਤਨ ਕਰਦਾ ਹੈ ਤੇ ਇਸ ਸੰਸਾਰ ਦੀਆਂ ਅੱਖਾਂ ਵਿੱਚ ਧੂੜ ਸੁੱਟਣ ਦੀ ਕੋਸ਼ਿਸ਼ ਕਰਦਾ ਹੈ, ਉਹ ਸੱਚੀ ਦਰਗਾਹ ਤੋਂ ਕਤਈ ਨਹੀਂ ਬਚ ਸਕਦਾ। ਇਸ ਸੰਸਾਰ ਵਿੱਚ ਦਰਵਾਜ਼ੇ ਬੰਦ ਕਰਕੇ ਕੋਈ ਪੜਦੇ ਨੂੰ ਨਸ਼ਰ ਹੋਣ ਤੋਂ ਬਚਾ ਲਏ ਪਰ ਜਦ ਚਿਤ੍ਰ ਗੁਪਤ ਲੇਖਾ-ਜੋਖਾ ਕਰੇਗਾ ਤੇ ਪੜਦੇ ਨੂੰ ਢੱਕਣਾ ਮੁਸ਼ਕਲ ਬਣ ਜਾਵੇਗਾ।

ਸੋਰਠਿ ਮਹਲਾ ੫॥...ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥ (ਪੰਨਾ ੬੧੬)

ਕਾਮ ਦੀ ਕੁਵਰਤੋਂ ਜਿੱਥੇ ਸ਼ਰੀਰ ਨੂੰ ਦਘਾ ਕਰਦੀ ਹੈ, ਉਥੇ ਮਾਨਸਿਕ ਸਿਥਰਤਾ ਤੇ ਆਤਮਕ ਗਿਰਾਵਟ ਤੋਂ ਜੀਵ ਨੂੰ ਬੁਚਾ ਨਹੀਂ ਸਕਦੀ। ਕੰਚਨ ਜੈਸੀ ਸੁੰਦਰ ਦੇਹੀ ਇਉਂ ਖੁਰ ਜਾਂਦੀ ਹੈ, ਜਿਉ ਸੋਹਾਗਾ ਸੋਨੇ ਨੂੰ


www.AKJ.Org

ਪਿਘਲਾ ਦੇਂਦਾ ਹੈ। ਗੁਰ ਫੁਰਮਾਨ ਹੈ :-

ਕਾਮੁ ਕ੍ਰੋਧੁ ਕਾਇਆ ਕਉ ਗਾਲੈ।।
ਜਿਉ ਕੰਚਨ ਸੋਹਾਗਾ ਢਾਲੈ।।
(ਰਾਮਕਲੀ ਦਖਣੀ ਓਅੰਕਾਰੁ-੯੩੨)

ਦਸਮੇਸ਼ ਪਿਤਾ ਜੀ ਨੇ ਸਾਨੂੰ ਸੁਪਨੇ ਵਿੱਚ ਵੀ ਪਰਨਾਰੀ ਦੀ ਸੇਜਾ ਤੇ ਜਾਣ ਦੀ ਮਨਾਹੀ ਕੀਤੀ ਹੈ। ਪਰ ਜਿਹੜਾ ਜੀਵ ਇਸ ਉਪਦੇਸ਼ ਦੀ ਉਲੰਘਣਾ ਕਰਦਾ ਹੈ, ਉਸ ਦੀ ਦਸ਼ਾ ਉਸ ਤੋਤੇ ਵਰਗੀ ਹੁੰਦੀ ਹੈ, ਜਿਹੜਾ ਸਿੰਬਲ ਦਰਖਤ ਤੇ ਉਸ ਦੇ ਫੁਲ ਨੂੰ ਤੱਕ ਕੇ ਖਿੱਚਿਆ ਆਉਂਦਾ ਹੈ ਪਰ ਉਸ ਦੀ ਸਾਰੀ ਪ੍ਰਸੰਨਤਾ ਏਸ ਨਾਲ ਲਿਪਟ ਕੇ ਜਾਨ ਗਵਾਉਣ ਵਿੱਚ ਬਦਲ ਜਾਂਦੀ ਹੈ।

ਘਰ ਕੀ ਨਾਰਿ ਤਿਆਗੈ ਅੰਧਾ।।
ਪਰ ਨਾਰੀ ਸਿਉ ਘਾਲੈ ਧੰਧਾ।।
ਜੈਸੇ ਸਿੰਬਲ ਦੇਖਿ ਸੂਆ ਬਿਗਸਾਨਾ।।
ਅੰਤ ਕੀ ਬਾਰ ਮੂਆ ਲਪਟਾਨਾ।।
(ਭੈਰਉ ਨਾਮ ਦੇਉ ਜੀਉ-੧੧੬੫)

ਏਨੀ ਸਖਤ ਤਾੜਨਾ ਕੇਵਲ ਪੁਰਸ਼ਾ ਵਾਸਤੇ ਨਹੀਂ ਹੈ, ਇਸਤ੍ਰੀਆਂ ਲਈ ਵੀ ਏਨੀ ਜ਼ਰੂਰੀ ਹੈ। ਇਸ ਲਈ ਪਤੀ ਪਰਮੇਸ਼ਰ ਰੂਪ ਹੈ। ਜਿਹੜੀ ਇਸਤ੍ਰੀ ਕਾਮ ਤੇ ਕਾਮ ਦੀ ਖਾਤਰ ਆਪਣਾ ਤਨ ਮਨ ਦੂਜੇ ਪੁਰਸ਼ ਨੂੰ ਸੌਂਪਦੀ ਹੈ, ਉਹ ਕੁਲੱਖਣੀ ਕੁਨਾਰੀ ਹੈ ਤੇ ਉਸ ਦੀ ਤ੍ਰਿਸ਼ਨਾ ਕਦੇ ਵੀ ਨਹੀਂ ਮਿਟਦੀ।

ਗਉੜੀ ਮਹਲਾ ੧।।...ਪਰ ਘਰਿ ਚੀਤੁ ਮਨਮੁਖਿ ਡੋਲਾਇ।। ਗਲਿ ਜੇਵਰੀ ਧੰਧੈ ਲਪਟਾਇ।। ਗੁਰਮੁਖਿ ਛੂਟਸਿ ਹਰਿ ਗੁਣ ਗਾਇ।। ਜਿਉ ਤਨੁ ਬਿਧਵਾ ਪਰ ਕਉ ਦੇਈ।। ਕਾਮਿ ਦਾਮਿ ਚਿਤੁ ਪਰ ਵਸਿ ਸੇਈ।। ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ।। (੨੨੬)

ਸੰਸਾਰਕ ਇਸਤਰੀ ਤੇ ਪਰਮਾਰਥਕ ਇਸਤ੍ਰੀ ਨੂੰ ਉਹ ਗੁਣ ਧਾਰਨ ਕਰਨ ਦੀ ਲੋੜ ਹੈ ਜਿਨਾਂ ਕਰਕੇ ਪ੍ਰੀਤਮ ਨੂੰ ਭਾਏ ਤੇ ਚੰਗੀ ਲੱਗੇ। ਇਹ ਗੁਣ ਹਨ- ਨਾਮ-ਰੂਪੀ ਕਸੀਦਾ ਕੱਢਣਾ, ਪ੍ਰੇਮ ਰੂਪੀ ਚੋਲੀ ਪਾਉਣੀ, ਆਪਣੀ ਪੱਤ ਨੂੰ ਸੰਭਾਲ ਕੇ ਰੱਖਣਾ ਤੇ ਪਰ ਦ੍ਰਿਸਟ-ਵਿਕਾਰ ਤੋਂ ਬਚਣਾ।

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ।।
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ।।
(ਬਸੰਤ ਮਹਲਾ ੧-ਹਿੰਡੋਲ-੧੧੭੧)

ਪੂਰੇ ਵੈਦ-ਗੁਰਦੇਵ ਜੀ ਨੇ ਪਰਗ੍ਰਿਹ ਦੀ ਤੁੱਲਨਾ ਅੱਕ ਦੀ ਲੱਕੜੀ ਤੇ ਨਿੰਮ ਦੇ ਫਲ ਨਾਲ ਕੀਤੀ ਹੈ। ਇਹ ਦੋਨੋ ਫਲ ਉਤੋਂ ਉਤੋਂ ਸੋਹਣੇ ਪਰਤੀਤ ਹੁੰਦੇ ਹਨ ਪਰ ਚੱਖਿਆਂ ਪਤਾ ਲੱਗਦਾ ਹੈ ਕਿ ਇੰਨਾ ਦਾ ਸੁਆਦ ਕਿੰਨਾ ਕੌੜਾ ਹੈ। ਇਵੇਂ ਹੀ ਕਾਮ-ਵਾਸ਼ਨਾ ਵਿੱਚ ਫੱਸਿਆ ਭੁੱਲ ਜਾਂਦਾ ਹੈ ਤੇ ਉਸ ਦੇ ਹਿਰਦੇ ਵਿਚ ਇਹ ਗੱਲ ਦ੍ਰਿੜ੍ਹ ਨਹੀਂ ਹੁੰਦੀ ਕਿ ਪਰਗ੍ਰਿਹ ਅਰਥਾਤ ਪਰ ਇਸਤ੍ਰੀ ਜਾਂ ਪਰ ਪੁਰਸ਼ ਦਾ ਸੰਗ ਜਿਹੜਾ ਥੋੜੇ ਚਿਰ ਲਈ ਸੁਆਦੀ ਤੇ ਮਿੱਠਾ ਲੱਗਦਾ ਹੈ, ਵਾਸਤਵ ਵਿਚ ਸੱਪ ਦੇ ਸੰਗ ਸਮਾਨ ਹੈ।

ਆਸਾ ਮਹਲਾ ੫।। ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ।। ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ।।੧।।ਅੰਧੇ ਚੇਤਿ ਹਰਿ ਹਰਿ ਰਾਇਆ।।ਤੇਰਾ ਸੋ ਦਿਨੁ ਨੇੜੈ ਆਇਆ।।੧।।ਰਹਾਉ।।ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰ।। ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ।।੨।। (੪੦੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੱਕਿਆ ਕਿ ਇਸਤ੍ਰੀ ਨੂੰ ਪੈਰ ਦੀ ਜੁੱਤੀ ਜਾ ਮਨ ਪਰਚਾਵੇ ਦਾ ਸਾਧਨ ਸਮਝਿਆ ਜਾਂਦਾ ਸੀ। ਸਿੱਧਾਂ ਤੇ ਜੋਗੀਆਂ ਲਈ ਇਸ ਬਿਚਾਰੀ ਅਬਲਾ ਲਈ ਅਥਾਹ ਘ੍ਰਿਣਾ ਸੀ। ਇਹ ਸਾਰੀਆਂ ਭਾਵਨਾਵਾਂ ਭਾਰੀ ਬੇਇਨਸਾਫੀ, ਨਫਰਤ ਤੇ ਮਜਬੂਰੀ, ਨਿਰਬਲਤਾ ਦਰਸਾਉਂਦੀਆਂ ਸਨ। ਗੁਰਦੇਵ ਜੀ ਨੇ ਇਸ ਨਾਲ ਹਮਦਰਦੀ ਕਰਨ ਤੇ ਇਸ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ। ਇਸ ਤੋਂ ਨੱਸ ਕੇ ਜੰਗਲਾਂ ਵਿੱਚ ਤਪੱਸਿਆਂ ਕਰਨ ਤੋਂ ਜੇ ਕੁਛ ਪ੍ਰਾਪਤ ਹੁੰਦਾ ਤਾਂ ਸਾਰੇ ਖੁਸਰਿਆਂ ਨੂੰ ਉੱਚ ਪਰਮ ਪਦਵੀ ਪ੍ਰਾਪਤ ਹੁੰਦੀ। ਕੇਵਲ ਜਤੀ ਹੋਣ ਨਾਲ ਜੀਵਨ ਮੁਕਤੀ ਪ੍ਰਾਪਤ ਨਹੀਂ ਹੁੰਦੀ।

ਬਿੰਦੁ ਰਾਖਿ ਜੌ ਤਰੀਐ ਭਾਈ।।
ਖੁਸਰੈ ਕਿਉ ਨ ਪਰਮ ਗਤਿ ਪਾਈ।। ੩।।
ਕਹੁ ਕਬੀਰ ਸੁਨਹੁ ਨਰ ਭਾਈ।।
ਰਾਮ ਨਾਮ ਬਿਨੁ ਕਿਨਿ ਗਤਿ ਪਾਈ।।੪।।੪।।
(ਗਉੜੀ ਕਬੀਰ ਜੀ-੩੨੪)

ਸਤਿਗੁਰੂ ਦੇ ਉਪਦੇਸ਼ ਦੁਆਰਾ ਗ੍ਰਿਹਸਤ ਜੀਵਨ ਵਿੱਚ ਸੰਜਮ ਵਿਚ ਰਹਿਣਾ ਗੁਰਸਿੱਖ ਨੂੰ ਜਤੀ ਸਤੀ ਦਾ ਦਰਜਾ ਪਰਦਾਨ ਕਰਦਾ ਹੈ। ਕਾਮ ਨੂੰ ਵੱਸ ਕਰਨ ਲਈ ਪੁਸਤਕਾਂ ਦਾ ਅਧਿਐਨ ਬਾਰ ਬਾਰ ਉਪਦੇਸ਼ ਕਰਨ ਜਾਂ ਸੁਨਣਾ ਲਾਭ ਪਹੁੰਚਾਉਣ ਦੀ ਬਜਾਏ ਹਾਨੀ ਕਾਰਕ ਹੋ ਸਕਦਾ ਹੈ। ਸਹਿਜ ਸੁਭਾਇ ਹੀ ਇਸ ਨੂੰ ਨਜ਼ਰ ਅੰਦਾਜ਼


www.AKJ.Org

ਕਰਨ ਵਿੱਚ ਭਲਾਈ ਹੈ। ਹੁਕਮੀ ਬੰਦਾ ਬਣ ਕੇ ਵਿਚਾਰਧਾਰਾ ਦੀ ਪਵਿੱਤਰਤਾ ਦੁਆਰਾ ਕਾਮ ਕ੍ਰੋਧ ਦੀਆਂ ਕਰਤੂਤਾਂ ਨੂੰ ਸ਼ੁਭ ਕਰਮਾਂ ਵਿੱਚ ਬਦਲਿਆ ਜਾ ਸਕਦਾ ਹੈ। ਜਿਵੇਂ ਬਸੋਲੇ ਜਾਂ ਰੰਬੇ ਧਰਤੀ ਨੂੰ ਗੁੱਡ ਕੇ ਹਾਨੀਕਾਰਕ ਬੂਟਿਆਂਨੂੰ ਜੜ੍ਹ ਤੋਂ ਪੁੱਟਦੇ ਤੇ ਪੌਦਿਆਂ ਦੀ ਰੱਖਿਆ ਕਰਦੇ ਹਨ ਤਿਵੇਂ ਹੀ ਕਾਮ ਤੇ ਕ੍ਰੋਧ ਜਦ ਵੱਸ ਵਿਚ ਆ ਕੇ ਤੇ ਸੁਧਰ ਕੇ ਸ਼ੁਭ ਕਾਰਜ ਕਰਦੇ ਹਨ ਤਾਂ ਸਾਰੀਆਂ ਬੁਰਿਆਈਆਂ ਨੂੰ ਬਾਹਰ ਕੱਢ ਕੇ ਚੰਗੇ ਗੁਣਾਂ ਦੇ ਪਰਵੇਸ਼ ਲਈ ਸਹਾਇਕ ਹੁੰਦੇ ਹਨ।

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥੩॥ (ਮਹਲਾ ੧–ਹਿੰਡੋਲ–੧੧੭੧)

ਇਨ ਬਿਧਿ ਕੀਤੀ ਘਾਲ ਬੇਅਰਥ ਨਹੀਂ ਜਾਵੇਗੀ। ਇਸ ਮੰਤਵ ਦੀ ਪੂਰਤੀ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਰੁਝੇਵਿਆਂ ਨੂੰ ਸਾਡੇ ਜੀਵਨ ਦਾ ਅਨਿਖੜਵਾਂ ਅੰਗ ਬਣਾਇਆ। ਹੱਥਾਂ ਨਾਲ ਸੇਵਾ ਕਰਨੀ, ਖੇਡਾਂ ਖੇਲਣੀਆਂ, ਹਥਿਆਰ ਚਲਾਉਣੇ, ਗੱਤਕਾ ਖੇਡਣਾ, ਕੁਸ਼ਤੀਆਂ ਲੜਣੀਆਂ, ਹੋਲਾ ਮਨਾਉਣਾ ਮੁਕਾਬਲਾ ਕਰਾਉਣਾ ਇਹ ਸਾਰੇ ਸਰੀਰਕ ਕਰਮ ਨਾ ਕੇਵਲ ਕਾਇਆਂ ਨੂੰ ਅਰੋਗ ਤੇ ਬਲਵਾਨ ਬਣਾਉਂਦੇ ਹਨ। ਮਨ ਦੀਆਂ ਤਰੰਗਾਂ ਤੇ ਬਾਗਾਂ ਨੂੰ ਸੁਮਾਰਗ ਵਿੱਚ ਰੱਖਣ ਦਾ ਵਸੀਲਾ ਬਣਦੇ ਹਨ।

ਇਸ ਦੇ ਇਲਾਵਾ ਅਲਪ ਅਹਾਰ ਤੇ ਸਾਤਵਕ ਭੋਜਨ ਦਾ ਆਪਣਾ ਵੱਖਰਾ ਹੀ ਯੋਗਦਾਨ ਹੈ। ਖੇਡ ਤਮਾਸ਼ਿਆਂ ਕਲੱਬਾਂ ਦੇ ਰਸਾਂ ਕਸਾਂ ਵਿੱਚ ਗਲਤਾਨ ਹੋਇ, ਮਾਸ ਦੇ ਰਸ, ਸ਼ੋਰਬੇ ਦਾ ਸੇਵਨ ਕਰਨ, ਭੱਖ ਅਭੱਖ ਖਾਣ ਤੇ ਜਤ ਪਤ ਸੰਜਮ ਛੱਡਣ ਨਾਲ ਮਤਿ ਨੂੰ ਕਾਲਖ ਨ ਲੱਗੇ ਤੇ ਕਾਮ ਨ ਉਛਲੇ, ਇਹ ਬਿਲਕੁਲ ਅਸੰਭਵ ਹੈ। ਫਿਰ ਜਵਾਨੀ ਦਾ ਤੇਜ ਹੋਵੇ ਤੇ ਪਰ ਤ੍ਰਿਅ ਦਾ ਸੁੰਦਰ ਮੁਖੜਾ ਹੋਵੇ ਤਾਂ ਚੰਗੇ ਮਾੜੇ ਦੀ ਪਛਾਣ ਨਾ ਭੁੱਲੇ ਤਾਂ ਹੋਰ ਕੀ ਹੋਵੇ। ਗੁਰਵਾਕ ਹੈ :-

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥ ਰਸੁ ਮਿਸੁ ਮੇਧੁ ਅੰਮ੍ਰਿਤ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥ ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮਨਾਮੁ ਨ ਅਰਾਧਿਆ॥ ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ਤਰੁਣ ਤੇਜੁ ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥ ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪ ਪੁੰਨੁ ਨ ਪਛਾਨਿਆ॥ (ਸ੍ਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ) (੯੩)

ਮੇਧੁ ਦਾ ਅਰਥ ਹੈ, ਮਾਸ ਦੀ ਤਰੀ ਜਾਂ ਸ਼ੋਰਬਾ ਜਿਹੜਾ ਕਾਮ ਉਪਜਾਊ ਭੋਜਨਾਂ ਵਿੱਚੋਂ ਇਕ ਹੈ। ਜੇ ਅਜੇ ਵੀ ਮਾਸ ਸ਼ਰਾਬ ਜੈਸੇ ਰਾਜਸੀ-ਤਾਮਸੀ ਭੋਜਨ ਦਾ ਅਸੀਂ ਤਿਆਗ ਨ ਕਰੀਏ ਤਾਂ ਆਗਿਆ ਦੀ ਉਲੰਘਣਾ ਅਵੱਸ਼ ਹੈ।

ਕਾਮ ਕ੍ਰੋਧ ਦੋਹਾਂ ਨੇ ਇਸ ਕਾਇਆ ਰੂਪੀ ਨਗਰ ਵਿੱਚ ਪੱਕਾ ਡੇਰਾ ਲਗਾਇਆ ਹੋਇਆ ਹੈ। ਗੁਰ ਪੂਰੇ ਦੇ ਉਪਦੇਸ਼ ਬਿਨਾ ਪੂਰਾਂ ਦੇ ਪੂਰ, ਇਨ੍ਹਾਂ ਨੂੰ ਕੱਢਦੇ ਹਾਰ ਗਏ। ਸਫਲ ਕਿਵੇਂ ਹੋਣ ? ਉਹ ਆਪ ਹੀ ਭਾਂਤ ਭਾਂਤ ਦੇ ਰਸਾਂ ਵਿਚ ਗਲਤਾਨ ਹਨ। ਇਹ ਸੰਸਾਰਕ ਰਸ ਸਾਨੂੰ ਆਤਮਕ ਰਸ ਭੁੰਚਣ ਨਹੀਂ ਦਿੰਦੇ। ਕਾਮ-ਰਸ ਦਾ ਦੂਜਾ ਨਾਉ ਚਾਮ-ਰਸ ਹੈ। ਜਾਮ-ਰਸ ਤੇ ਦਾਮ-ਰਸ ਇਸ ਦੇ ਸੰਗੀ ਸਾਥੀ ਹਨ। ਗੁਰਮੁਖ ਜਨ ਦੀ ਨਜ਼ਰ ਵਿਚ ਇਹ ਸਾਰੇ ਕਸੁੰਭੜੇ ਦੇ ਰੰਗ ਵਾਂਗਰ ਕੱਚੇ ਹਨ ਤੇ ਖਾਮ ਰਸ ਅਖਵਾਂਦੇ ਹਨ। ਇਨ੍ਹਾਂ ਖਾਮ ਰਸਾਂ ਨੂੰ ਤਿਆਗ ਕੇ ਹੀ ਨਾਮ ਰਸ ਭੁੰਚਣ ਦਾ ਅਉਸਰ ਮਿਲਦਾ ਹੈ। ਤਿਆਗਣ ਲਈ ਨੇਕ ਨੀਅਤ ਦੇ ਨਾਲ ਐਸੇ ਉੱਦਮ ਦੀ ਲੋੜ ਹੈ ਜਿਸ ਨਾਲ ਮਨ ਨੂੰ ਡਿੱਗਣ, ਡੋਲਣ ਤੇ ਕਾਲਖ ਤੋਂ ਬਚਾਇਆ ਜਾਵੇ। ਇਸ ਆਦਰਸ਼ ਉੱਦਮ ਦਾ ਭਾਵ ਅੰਮ੍ਰਿਤ ਵੇਲੇ ਉਠੱਣਾ ਤੇ ਨਾਮ-ਅਭਿਆਸ ਵਿੱਚ ਰੁੱਝਣਾ ਹੈ। ਇਹ ਸੁਕ੍ਰਿਤ ਗੁਪਤ ਰੂਪ ਵਿਚ ਵਿਸ਼ੇ ਵਿਕਾਰਾਂ ਨਾਲ ਜੂਝਣਾ ਹੈ। ਅੰਮ੍ਰਿਤ ਵੇਲੇ ਦੀ ਇਹ ਅਠੱਪਹਿਰੀ ਕੁੰਜੀ ਆਲਸ ਨੂੰ ਦੂਰ ਕਰਕੇ ਮਨ ਵਿਚ ਸਾਹਸ ਤੇ ਦ੍ਰਿੜਤਾ ਭਰਦੀ ਹੈ ਤੇ ਮਨ ਦੇ ਵਿਕਾਰਾਂ ਨੂੰ ਥੰਮ ਕੇ ਨਾਮ-ਰਸ ਦਾ ਅੰਮ੍ਰਿਤ-ਮਈ ਸੁਆਦ ਬਖਸ਼ਦੀ ਹੈ। ਇਉਂ ਮਨ ਦੇ ਫੁਰਨਿਆਂ ਵਿਚ ਨਿਰਮਲਤਾ ਤੇ ਪਵਿੱਤਰਤਾ ਦਾ ਪਰਵੇਸ਼ ਹੁੰਦਾ ਹੈ, ਆਤਮਾ ਵਿਗਸਦੀ ਤੇ ਮੌਲਦੀ ਹੈ ਅਤੇ ਸਰੀਰਕ ਰਸਾਂ ਦਾ ਅਭਾਵ ਹੁੰਦਾ ਹੈ। ਸਤਿਗੁਰ ਦਾ ਫੁਰਮਾਨ ਹੈ :-

ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥ ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥ ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ॥ ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ॥

(ਕਲਿਆਣ ਮਹਲਾ ੪–੧੩੨੫–੨੬)


www.AKJ.Org

# ਇਕੋ ਜੋਤਿ

ਸ੍ਰੀ ਗੁਰੂ ਨਾਨਕ ਦੇਵ ਜਿਸ ਸਮੇਂ ਇਸ ਸੰਸਾਰ ਵਿਚ ਅਗਿਆਨ ਅੰਧਕਾਰ ਨੂੰ ਦੂਰ ਕਰਨ ਆਏ ਸਨ, ਉਸ ਵੇਲੇ ਭਾਰਤ, ਰਾਜਨੀਤਕ, ਧਾਰਮਕ, ਸਮਾਜਕ ਅਤੇ ਆਰਥਕ ਤੌਰ ਤੇ ਇਕ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਸੀ। ਸਤਿਗੁਰੂ ਨਾਨਕ ਦੇਵ ਨੇ ਇਕ ਹਕੀਮ ਹਾਜ਼ਕ (ਤਜਰਬੇ ਕਾਰ ਵੈਦ) ਵਾਂਙ ਜ਼ਮਾਨੇ ਦੀ ਨਬਜ਼ ਵੇਖੀ, ਮਾਨਸਕ ਰੋਗਾਂ ਦੇ ਸੋਮੇਂ ਨੂੰ ਚੰਗੀ ਤਰ੍ਹਾਂ ਜਾਚਿਆ। ਜ਼ੁਲਮ ਮਿਧੀ ਜਨਤਾ ਦੀ ਸੁਤੀ ਅਣਖ ਨੂੰ ਹਲੂਣਾ ਦੇਣ ਲਈ ਯਤਨ ਕੀਤਾ। ਧਰਮ ਉਸ ਵੇਲੇ ਕੇਵਲ ਰਸਮਾਂ ਰਿਵਾਜਾਂ ਦਾ ਸਮੂਹ ਬਣ ਚੁਕਾ ਸੀ। ਅਵਤਾਰ ਵਾਦ ਦੀ ਭਾਵਨਾਂ ਸਿਖਰਾਂ ਉਤੇ ਪੁਜ ਚੁਕੀ ਸੀ। ਭਾਰਤ ਵਿਚ ਅਨੇਕਾਂ ਧਰਮ-ਸੰਪ੍ਰਦਾਵਾਂ ਫੈਲੀਆਂ ਹੋਈਆਂ ਸਨ। ਮੁਲਤਾਨ ਸੂਰਜ ਪੂਜਾ ਦਾ ਗੜ੍ਹ ਸੀ। ਮੁਲਤਾਨੀ ਲੋਕ ਗੀਤਾਂ ਵਿਚ ਵਰਣ ਦੇਵਤਾਂ ਦੀ ਉਪਾਸ਼ਨਾ ਦੀ ਝਲਕ ਵੀ ਮਿਲ ਜਾਂਦੀ ਹੈ ਬਲੋਚਸਤਾਨ ਆਦਿ ਵਿਚ ਅਜੇ ਤਕ ਹਿੰਗਲਾਜ਼ ਦੇਵੀ ਦਾ ਮੰਦਰ ਮੌਜੂਦ ਹੈ। ਅਗਨੀ ਪੂਜਾ ਵੀ ਕੀਤੀ ਜਾਂਦੀ ਸੀ। ਸਿਧਾਂ ਅਤੇ ਸ਼ਿਵਾਂ ਦੇ ਮੇਲ ਤੋਂ ਇਕ ਨਵਾਂ ਪੰਥ 'ਨਾਥ-ਸੰਪ੍ਰਦਾ' ਪੰਜਾਬ ਵਿਚ ਪੂਰੇ ਜੋਬਨਾਂ ਉਪਰ ਸੀ, ਜਿਸ ਨੇ ਜਨਤਾ ਨੂੰ ਮੰਤ੍ਰਾਂ, ਜੰਤ੍ਰਾਂ ਤੇ ਤੰਤਰਾਂ ਦੇ ਜਾਲ ਵਿਚ ਭੋਲੇ ਪੰਛੀਆਂ ਵਾਂਙ ਫਸਾਇਆ ਹੋਇਆ ਸੀ। ਇਹ ਲੋਕ ਸ਼ਿਵਜੀ ਅਤੇ ਸ਼ਕਤੀ ਦੇ ਉਪਾਸ਼ਕ ਵੀ ਸਨ। ਪੰਜਾਬ ਦੇ ਪਿੰਡ ਪਿੰਡ ਵਿਚ ਸ਼ਿਵਾਲਾ ਤੇ ਦੇਵੀ ਮੰਦਰ ਇਸ ਇਤਿਹਾਸਕ ਸਚਾਈ ਦੇ ਗਵਾਹ ਹਨ। ਚਵਿੰਡਾ, ਜੁਆਲਾ ਮੁਖੀ, ਚਿੰਤਪੁਰਨੀ, ਨੈਣਾਂ ਦੇਵੀ, ਕਤਲੂਈ, ਵੈਸ਼ਨੋਦੇਵੀ (ਜੰਮੂ) ਜਾਲੰਧਰ ਆਦਿ ਸ਼ਕਤੀ ਪੂਜਾ (ਦੇਵੀ ਉਪਾਸ਼ਨਾ) ਦੇ ਮਹਤਵ ਪੂਰਣ ਕੇਂਦਰ ਸਨ। ਸੂਫੀ ਲੋਕ ਆਪਣੇ ਧਰਮ ਦਾ ਪ੍ਰਚਾਰ ਕਰਦੇ ਸਨ। ਸੂਫੀਆਂ ਦੇ ਪ੍ਰਚਾਰ ਨੇ ਲੋਕਾਂ ਤੇ ਬਹੁਤ ਅਸਰ ਕੀਤਾ ਹੋਇਆ ਸੀ। ਸੂਫੀ ਤੇ ਬਾਕੀ ਇਸਲਾਮ ਦੇ ਧਰਮ ਪ੍ਰਚਾਰਕ 'ਤੌਹੀਦ'-ਪਰਮਾਤਮਾ ਦੀ ਏਕਤਾ ਨੂੰ ਬੜੇ ਸੋਹਣੇ ਢੰਗ ਨਾਲ ਪੇਸ਼ ਕਰਦੇ ਸਨ। ਦੂਜੇ ਪਾਸੇ ਹਿੰਦੂ ਸਮਾਜ ਦੀ ਉਚੀਆਂ ਜਾਤੀਆਂ ਨੀਵੀਆਂ ਨੂੰ ਬੜੀ ਨਫਰਤ ਨਾਲ ਦੇਖਦੀਆਂ ਸਨ, ਅਤੇ ਉਨ੍ਹਾਂ ਨਾਲ ਪਸ਼ੂਆਂ ਨਾਲੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਹੋ ਕਾਰਨ ਸੀ ਕਿ ਬਾਬਾ ਫਰੀਦ ਗੰਜ ਸ਼ਕਰ ਦੇ ਮਿਠੇ ਬਚਨਾਂ ਅਤੇ ਉਪਦੇਸ਼ਾਂ ਕਾਰਨ ਕੋਈ ਦਸ-ਬਾਰਾਂ ਲਖ ਛੋਟੀਆਂ ਜਾਤੀਆਂ ਦੇ ਹਿੰਦੂ ਮੁਸਲਮਾਨ ਬਣ ਗਏ, ਜੋ ਆਪਣੇ ਭਾਰਤੀ 'ਅਦ੍ਵੈਤ-ਵਾਦ' ਨੂੰ ਭੁਲ ਚੁਕੇ ਸਨ, ਕਿਉਂਕਿ ਇਥੇ ਬਹੁਦੇਵ ਪੂਜਾ ਨੇ ਲੋਕਾਂ ਨੂੰ ਅਸਲੀ ਸੋਮੇਂ ਤੋਂ ਦੂਰ ਕਰ ਦਿਤਾ ਸੀ।

ਗਲ ਕੀ, ਧਰਮ ਵਿਚ ਇਤਨੀਆਂ ਉਲਝਣਾਂ ਤੇ ਗੁੰਝਲਾਂ ਪੈ ਚੁਕੀਆਂ ਸਨ, ਜਿਨ੍ਹਾਂ ਨੂੰ ਖੋਲਣਾਂ ਕਿਸੇ ਮਹਾਨ ਵਿਅਕਤੀ ਦਾ ਹੀ ਕੰਮ ਸੀ। ਪ੍ਰਮਾਤਮਾ ਨੇ ਇਨਾਂ ਕਰੜਿਆਂ ਸਮਿਆਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਪੰਜਾਬ ਦੀ ਧਰਤੀ ਉਪਰ ਜਨਮ ਦਿਤਾ, ਜਿਨਾਂ ਨੇ ਆਪਣੀ ਤੀਖਣ ਬੁਧੀ ਅਤੇ ਜੀਵਨ ਤਜਰਬਿਆਂ ਦੇ ਅਧਾਰ ਉਪਰ ਇਸ ਸਥਿਤੀ ਦਾ ਠੀਕ ਠੀਕ ਅੰਦਾਜ਼ਾ ਲਗਾਇਆ। ਆਪ ਜੀ ਨੇ ਕਿਸੇ ਧਰਮ ਨੂੰ ਨਹੀਂ ਨਿੰਦਿਆਂ ਸਗੋਂ ਉਨ੍ਹਾਂ ਧਰਮਾਂ ਵਿਚ ਆਈਆਂ ਕੁਰੀਤੀਆਂ ਦਾ ਖੰਡਣ ਕੀਤਾ। ਬਹੁਦੇਵ ਪੂਜਾ ਦੇ ਵਿਰੁਧ ਆਵਾਜ਼ ਬੁਲੰਦ ਕੀਤੀ । ਤੀਰਥ-ਯਾਤਾ ਨੂੰ ਹੀ ਮੁਕਤੀ ਦਾ ਸਾਧਨ ਨਹੀਂ ਮੰਨਿਆ। ਛੂਤ-ਛਾਤ ਜ਼ਾਤ-ਪਾਤ ਦੀਆਂ ਜ਼ੰਜੀਰਾਂ ਨੂੰ ਤੋੜਿਆ। ਮਨੁਖਤਾ ਨੂੰ ਹੀ ਸਭ ਤੋਂ ਉਤਮ ਧਰਮ ਦਸਿਆ। ਇਕ ਪ੍ਰਮਾਤਮਾ ਦੀ ਉਪਾਸ਼ਨਾ ਉਪਰ ਬਲ ਦਿਤਾ। ਆਪ ਜੀ ਸਦਾ ਇਕ ਪ੍ਰਮਾਤਮਾ ਦੇ ਹੀ ਉਪਾਸ਼ਕ ਬਣੇ ਰਹੇ। ਗਿਆਨ ਮਾਰਗੀ ਭਗਤੀ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਦਸਿਆ ਕਿ ਉਹ ਪ੍ਰਮਾਤਮਾ ਇਕ ਹੈ (੧ਓ) ਉਸ ਦੀ ਹੋਂਦ ਸਦਾ ਹੈ, ਸੰਸਾਰ ਤੋਂ ਪਹਿਲੋਂ ਵੀ ਉਹ ਸੀ, ਜਦ ਤਕ ਸੰਸਾਰ ਹੈ ਤਦ ਵੀ ਉਹ ਹੈ, ਜਦ ਸੰਸਾਰ ਦਾ ਨਾਸ਼ ਹੋ ਜਾਏਗਾ ਤਦ ਵੀ ਉਹ ਰਹੇਗਾ। ਇਸ ਸੰਸਾਰ ਨੂੰ ਵੀ ਉਹ ਖੁਦ ਹੀ ਰਚਦਾ ਹੈ,। ਸਿਸ਼੍ਰਟੀ-ਰਚਨਾ ਲਈ ਉਸ ਨੂੰ ਮਾਇਆ, ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਆਦਿ ਸ਼ਕਤੀਆਂ ਦੀ ਸਹਾਇਤਾਂ ਦੀ ਕੋਈ ਜ਼ਰੂਰਤ ਨਹੀਂ। ਉਹ ਨਿਰਭਉ ਅਤੇ ਨਿਰਵੈਰ ਹੈ, ਉਹ ਕਾਹਰ ਤੇ ਜਾਬਰ ਨਹੀਂ ਹੈ। ਸਮੇਂ ਦੀ ਪੱਕੜ ਤੇ ਪਹੁੰਚ ਤੋਂ ਪਰੇ ਹੈ, ਉਹ ਅਜੂਨੀ ਹੈ, ਭਾਵ ਉਹ ਕਿਸੇ ਮਾਂ ਤੋਂ ਪੈਦਾ ਨਹੀਂ ਹੁੰਦਾ। ਪ੍ਰਮਾਤਮਾ ਨੂੰ 'ਅਜੂਨੀ' ਦਸ ਕੇ ਅਵਤਾਰ ਵਾਦ ਦਾ ਖੰਡਣ ਕੀਤਾ ਅਤੇ ਦਸਿਆ ਕਿ ਉਹ ਸ੍ਵੈ ਪ੍ਰਕਾਸ਼ਮਾਨ ਹੈ। ਤਿਆਗਵਾਦ ਜਾਂ ਨਿਵਰਤੀ ਮਾਰਗ ਦੀ ਥਾਂ ਪ੍ਰਵਿਰਤੀ ਮਾਰਗ ਦਾ ਸੰਦੇਸ਼ ਦਿਤਾ। ਸੰਸਾਰ ਨੂੰ ਛਡਕੇ ਜੰਗਲਾਂ ਵਿਚ ਭਜੇ ਫਿਰਨਾਂ, ਮੁਕਤੀ ਦਾ ਸਾਧਨ ਨਹੀਂ। ਇਸ ਦੇ ਉਲਟ ਗ੍ਰਹਿਸਥ ਵਿਚ ਰਹਿੰਦਿਆਂ ਕ੍ਰਿਤ ਕਰਦਿਆਂ ਵੰਡ-ਛਕਦਿਆਂ, ਨਾਮ ਸਿਮਰਦਿਆਂ, ਮਨੁਖ ਪ੍ਰਮਾਤਮਾ ਨੂੰ ਪਾ ਸਕਦਾ ਹੈ। ਜਗਿਆਸੂ ਨੂੰ ਕਮਲ ਵਤ ਇਸ ਸੰਸਾਰ ਸਾਗਰ ਵਿਚ ਰਹਿਣਾ ਚਾਹੀਦਾ ਹੈ। ਜਨਮ


www.AKJ.Org

ਤੋਂ ਕੋਈ ਵਡਾ ਨਹੀਂ, ਨਾ ਕੋਈ ਛੋਟਾ ਹੈ। ਸਭ ਜੀਵ ਇਕ ਹੀ ਨੂਰ ਵਿਚੋਂ ਪੈਦਾ ਹੋਏ ਹਨ। ਮਨੁਖਾ ਜਨਮ ਬਹੁਤ ਹੀ ਦੁਰਲਭ ਹੈ। ਇਹ ਸੰਸਾਰ ਧੂੰਆਂ ਨਹੀਂ, ਨਾ ਹੀ ਸੁਪਨਾ ਹੈ, ਬਲਕਿ ਇਹ ਸਭ ਖੰਡ-ਬ੍ਰਹਮੰਡ ਸਚੇ ਹਨ। ਇਹ ਧਰਤੀ ਧਰਮ ਕਮਾਉਣ ਵਾਸਤੇ ਧਰਮ-ਸਾਲ ਹੈ। ਪ੍ਰਮਾਤਮਾ ਦੀ ਖੋਜ ਬਾਹਰ ਨਹੀਂ ਸਗੋਂ ਅੰਤਰ-ਆਤਮੇ ਕਰਨੀ ਚਾਹੀਦੀ ਹੈ। ਮਨੁਖ ਨੂੰ ਸ਼ੁਭ ਗੁਣਾਂ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ, ਪਖੰਡਾਂ ਵਿਚ ਕੁਝ ਨਹੀਂ ਪਿਆ ਹੈ। ਜ਼ੁਲਮ ਦਾ ਮੁਕਾਬਲਾ ਡੱਟ ਕੇ ਕਰਨਾ, ਮਨੁਖਤਾ ਦਾ ਚਿੰਨ੍ਹ ਹੈ। ਇਸਤ੍ਰੀ ਸਮਾਜ ਦਾ ਸਤਿਕਾਰ ਅਤਿ ਜ਼ਰੂਰੀ ਹੈ। ਕਿਉਂਕਿ ਆਦਮੀ ਅਤੇ ਇਸਤ੍ਰੀ ਦੇ ਹਕ ਇਕੋ ਜਿਤਨੇ ਹਨ। ਇਸਤ੍ਰੀ ਜ਼ਾਤੀ ਨੂੰ ਨਿੰਦਣਾ ਮਹਾਂ ਮੂਰਖਤਾ ਅਤੇ ਖੁਦਗਰਜ਼ੀ ਉਪਰ ਅਧਾਰਤ ਹੈ। ਮੁਕਦੀ ਗਲ ਇਹ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਨਾਂ ਮੂਲ ਸਿਧਾਤਾਂ ਅਤੇ ਆਪਣੇ ਜੀਵਨ ਦੇ ਅਧਾਰ ਉਪਰ ਇਕ ਅਮਲੀ ਧਰਮ (ਸਿਖ) ਧਰਮ ਦੀ ਸਥਾਪਨਾ ਕੀਤੀ। ਜਿਸ ਰਾਹੀਂ ਇਕ ਨਵੇਂ ਸਮਾਜ ਦੀ ਨੀਂਹ ਰਖੀ ਅਤੇ ਮਨੁਖਤਾ ਦੀਆਂ ਨਵੀਆਂ ਕੀਮਤਾਂ ਅਤੇ ਕਦਰਾਂ ਮੁਕੱਰਰ ਕੀਤੀਆਂ। ਇਕ ਮਹਾਨ ਕ੍ਰਾਂਤੀਕਾਰੀ ਗੁਰੂ ਹੋਣ ਦੇ ਨਾਤੇ ਉਸ ਸਮੇਂ ਦੇ ਬਾਦਸ਼ਾਹਾਂ, ਹਾਕਮਾਂ ਤਅਸਬੀ ਮੋਲਾਣਿਆਂ ਅਤੇ ਪੰਡਤਾਂ ਆਦਿ ਨੂੰ ਵੀ ਸਮਝਾਇਆ। ਬਾਹਰੀ ਅਡੰਬਰਾਂ, ਪਖੰਡਾਂ, ਕੁਰੀਤੀਆਂ ਸਮਾਜਕ ਕੋਝਾਂ, ਭੈੜੀਆਂ ਰਸਮਾਂ ਜੋ ਧਰਮ ਦਾ ਅੰਗ ਬਣ ਚੁਕੀਆਂ ਸਨ ਸਤਿਗੁਰੂ ਨਾਨਕ ਨੇ ਉਨ੍ਹਾਂ ਦਾ ਖੰਡਣ ਕੀਤਾ।

ਧਰਮ ਦੇ ਦੋ ਪਖ ਹੁੰਦੇ ਹਨ- ਇਕ ਆਂਤਰਕ ਤੇ ਦੂਜਾ ਬਾਹਰੀ ਹੁੰਦਾ ਹੈ। ਆਂਤਰਕ ਭਾਵ ਤੋਂ ਸਾਡਾ ਮਤਲਬ ਇਹ ਹੈ ਕਿ ਉਹ ਸਿਧਾਂਤ ਜਿਨਾਂ ਰਾਹੀਂ ਪ੍ਰਮਾਤਮਾ ਦੀ ਪ੍ਰਾਪਤੀ ਦਸੀ ਹੈ, ਅਤੇ ਬ੍ਰਹਮ ਜੀਵ ਅਤੇ ਸਿਸ਼ਟੀ ਰਚਨਾ ਬਾਰੇ ਆਪਣੇ ਵਿਚਾਰ ਦਸੇ ਹਨ। ਮਨੁਖ ਇਸ ਸਿਸ਼ਟੀ ਵਿਚ ਰਹਿੰਦਿਆਂ ਬ੍ਰਹਮ ਦੀ ਪ੍ਰਾਪਤੀ ਕਿਵੇਂ ਕਰੇ, ਇਹ ਸਭ ਅਸੂਲ (ਸਿਧਾਂਤ) ਧਰਮ ਦੇ ਅੰਦਰੂਨੀ ਪਖ ਨਾਲ ਸਬੰਧਤ ਹਨ। ਬਾਹਰੀ ਪਖ ਤੋਂ ਭਾਵ ਹੈ ਰਹਿਣ ਸਹਿਣ, ਬੋਲ ਚਾਲ ਆਦਿ- ਰਫਤਾਰ, ਗਫ਼ਤਾਰ, ਦਸਤਾਰ-।' ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈਕੇ ਦਸਮ ਪਾਤਸ਼ਾਹ ਤਕ ਹਰ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਤਾਂ ਦੀ ਪੂਰੀ ਪੂਰੀ ਪੈਰਵੀ ਕੀਤੀ ਹੈ, ਸਮੇਂ ਦੀਆਂ ਲੋੜਾਂ ਨੂੰ ਮੁਖ ਰਖਕੇ ਬਦਲਦੀਆਂ ਪਰਸਿਥਤੀਆਂ ਕਾਰਣ ਤੇ ਜੁਗਗਰਦੀਆਂ ਦਾ ਮੁਕਾਬਲਾ ਕਰਨ ਖਾਤਰ ਸਿਖ ਧਰਮ ਦੇ ਬਾਹਰੀ ਰੂਪ (ਪਖ) ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ, ਕੁਝ ਨਵੇਂ ਵਾਧੇ ਕੀਤੇ ਗਏ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮ ਵਾਦੀ ਸਿਧਾਤਾਂ ਦੀ ਵਿਆਖਿਆ ਖੁਲ ਕੇ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਲੰਗਰ ਦੀ ਲੀਹ ਨੂੰ ਸੰਗਤ ਪੰਗਤ ਦਾ ਰੂਪ ਦੇਕੇ ਉਸ ਵਿਚ ਹੋਰ ਵਿਸ਼ਾਲਤਾ ਪੈਦਾ ਕੀਤੀ। ਸਤੀ ਦੀ ਰਸਮ ਦੀ ਖੰਡਣ ਕੀਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੰਜੀਆਂ ਦੀ ਥਾਂ ਤੇ ਮਸੰਦਾਂ ਨੂੰ ਨਿਯੁਕਤ ਕੀਤਾ। ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਅਧਿਆਤਮਕਤਾ ਦੇ ਨਾਲ ਜ਼ੁਲਮ ਦਾ ਟਾਕਰਾ ਕਰਨ ਲਈ ਵੀ ਇਕ ਨਵੀਂ ਰੂਹ ਜਨਤਾ ਵਿਚ ਫੂਕੀ। ਸ੍ਰੀ ਗੁਰੂ ਹਰਿ ਰਾਇ ਆਪਣੇ ਨਾਲ ਬਹੁਤ ਸਾਰੇ ਘੋੜ ਸਵਾਰ ਰਖਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣੀ ਸੂਰਵੀਰਤਾ ਦਾ ਪ੍ਰਦਰਸ਼ਨ ਕੀਤਾ, ਅਤੇ ਮੁਗਲ ਸਾਮਰਾਜ ਸਾਹਮਣੇ ਸਿਰ ਨਹੀਂ ਝੁਕਾਇਆ, ਬਲਕਿ ਇਸ ਪਵਿਤਰ ਸੀਸ ਨੂੰ ਮਜ਼ਲੂਮਾਂ ਦਾ ਧਰਮ ਬਚਾਣ ਖਾਤਰ ਵਾਰ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ- ਦਸਮ ਜੋਤ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ ਚਿਨਾਂ ਉਪਰ ਤੁਰਦਿਆਂ ਸਿਖ ਧਰਮ ਦੇ ਬਾਹਰੀ ਪਖ ਵਿਚ ਕੁਝ ਤਬਦੀਲੀਆਂ ਲਿਆਂਦੀਆਂ ਕਿਉਂਕਿ ਲੋੜ ਸੀ ਇਸ ਪਰੀਵਰਤਨ ਦੀ। ਜੇ ਗੁਰੂ ਗੋਬਿੰਦ ਸਿੰਘ ਜੀ ਐਸਾ ਨਾ ਕਰਦੇ ਤਦ ਸ਼ਾਇਦ ਦੂਸਰੇ ਪੰਥਾਂ ਵਾਗ ਸਿਖ ਪੰਥ ਵੀ ਇਕ ਸੀਮਿਤ ਜਿਹੀ ਸੰਪ੍ਰਦਾ ਰਹਿ ਜਾਂਦੀ। ਆਪ ਜੀ ਨੇ ਸਿਖਾਂ ਦੇ ਨਾਵਾਂ ਨਾਲ ਸਿੰਘ ਸ਼ਬਦ ਜੋੜਿਆ 'ਖਾਲਸਾ' ਦਾ ਨਿਰਮਾਣ ਕੀਤਾ। ਪੰਜ ਪਿਆਰਿਆਂ ਦੀ ਸਥਾਪਨਾ ਕੀਤੀ। ਸੰਗਤ ਨੂੰ ਗੁਰੂ ਦਾ ਰੂਪ ਥਾਪਿਆ। ਚਰਨਾਮ੍ਰਿਤ ਦੀ ਥਾਂ 'ਅੰਮ੍ਰਿਤ' ਪਾਨ ਕਰਵਾਕੇ ਇਕ ਨਵਾਂ ਜੋਸ਼ ਵਲਵਲਾ ਬਖਸ਼ ਕੇ ਇਕ ਫੋਜੀ ਸੂਰਬੀਰਤਾ ਭਰਪੂਰ ਸਰੂਪ ਅੰਮ੍ਰਿਤ ਬਖਸ਼ਿਆ। ਸਾਹਿਤ ਰਚਨਾ ਰਾਹੀਂ ਇਕ ਬਨੇ ਗਿਆਨ ਮਾਰਗੀ ਭਗਤੀ ਦਾ ਪ੍ਰਚਾਰ ਕੀਤਾ ਤੇ ਦੂਜੇ ਬੰਨੇ ਮਿਥਹਾਸ ਨੂੰ ਸਹਿਤ ਵਿਚ ਢਾਲਕੇ ਜਨਤਾ ਦੀ ਸੁਤੀ ਅਣਖ ਨੂੰ ਟੁੰਬਕੇ ਜ਼ੁਲਮ ਦੇ ਮੁਕਾਬਲੇ ਲਈ ਤਿਆਰ ਕੀਤਾ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਦਸਵੀਂ ਜੋਤ ਗੁਰੂ ਨਾਨਕ ਹੋਣ ਕਾਰਨ ਬੀਰ ਰਸੀ ਸ਼ਬਦਾਵਲੀ ਰਾਹੀਂ ਸਤਿਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਤਾਂ ਦੀ ਹੀ ਪੈਰਵੀ ਕੀਤੀ ਹੈ। ਪਰ ਗੁਰੂ ਜੀ ਨੇ ਉਸ ਵੇਲੇ ਦੀ ਜ਼ੁਲਮ ਲਤਾੜੀ ਜਨਤਾ

(ਬਾਕੀ ਪੰਨਾ ੨੨ ਤੇ ..)



www.AKJ.Org

# "ਪ੍ਰੇਮ"

(ਭਾਈ ਮਾਲਕ ਸਿੰਘ ਜੀ )

ਪ੍ਰੇਮ ਸ਼ਬਦ ਨੂੰ ਗਹੁ ਨਾਲ ਦੇਖਿਆ ਜਾਇ ਤਾਂ ਇਹ ਸਪਸ਼ਟ ਹੈ ਕਿ ਪ੍ਰੇਮ ਸ਼ਬਦ ਪ੍ਰੇ ਅਤੇ ਮ ਦਾ ਜੋੜ ਅਥਵਾ ਸਮੂਹ ਹੈ ਜਿਸ ਦੇ ਅਰਥ ਹਨ ਮੈਂ ਤੋਂ ਪਰੇ। ਜਿਥੇ ਮੈਂ (ਹਉਮੈ' ਹੈ ਉਥੇ ਖ਼ੁਦਗਰਜ਼ੀ (Selfishness)ਹੈ। ਦਰਅਸਲ ਇਹ ਹੀ ਇਕ ਐਸਾ ਰੋਗ ਹੈ ਜੋ ਪ੍ਰਾਣੀ ਨੂੰ ਲਗਾ ਹੋਇਆ ਹੈ। ਜੀਵ ਦਾ ਪਰਮਾਤਮਾ ਨਾਲ ਵਿਛੋੜਾ ਇਸ ਹਉਮੈ ਕਰਕੇ ਹੀ ਪਿਆ ਹੋਇਆ ਹੈ। ਜਦ ਜੀਵ ਪੈਦਾ ਹੁੰਦਾ ਹੈ ਤਦ ਤੋਂ ਹੀ ਇਹ ਰੋਗ ਉਸ ਨੂੰ ਲਗ ਜਾਂਦਾ ਹੈ ਤੇ ਮੈਂ ਮੈਂ ਦੀ ਰਟ ਲਗਾਣੀ ਸ਼ੁਰੂ ਕਰ ਦੇਂਦਾ ਹੈ ਜੋ ਅੰਤ ਤਕ ਇਸ ਦਾ ਪਿਛਾ ਨਹੀਂ ਛਡਦੀ। ਗੁਰਬਾਣੀ ਪ੍ਰਮਾਣ:-

ਜਬ ਹਮ ਹੋਤੇ ਤਬ ਤੂ ਨਾਹੀ।।
ਅਬ ਤੂਹੀ ਮੈ ਨਾਹੀ।।

ਮਹਾਂਵਾਕ ਅਨੁਸਾਰ ਜਦ ਤਕ ਪ੍ਰਾਣੀ ਇਸ ਮੈਂ ਮੇਰੀ ਨੂੰ ਨਹੀਂ ਬੁਝਦਾ ਤਦ ਤਕ ਇਹ ਪਰਮਾਤਮਾ ਤੋਂ ਅਲਗ ਰਹਿੰਦਾ ਹੈ ਜਿਸ ਕਾਰਨ ਕਰਕੇ ਜਨਮ ਮਰਨ, ਆਵਾ ਗਵਨ ਅਥਵਾ ਚਉਰਾਸੀ ਦੇ ਗੇੜ ਵਿਚ ਪਿਆ ਰਹਿੰਦਾ ਹੈ। ਹਕੀਕਤ ਤਾਂ ਇਹ ਹੈ ਕਿ "ਹਉਮੈ ਬੂਝੈ ਤਾ ਦਰੁ ਸੂਝੈ'।। ਜਦ ਜੀਵ ਦੀ ਹਉਮੈ ਬੁਝ ਅਥਵਾ ਖਤਮ ਹੋ ਜਾਂਦੀ ਹੈ ਤਦ ਉਸ ਦਾ ਮੇਲ ਉਸ ਪਰਿਪੂਰਨ ਪ੍ਰਮਾਤਮਾ ਨਾਲ ਇਸ ਪ੍ਰਕਾਰ ਹੋ ਜਾਂਦਾ ਹੈ ਕਿ *"ਜਿਉ ਜਲ ਮਹਿ ਜਲੁ ਆਇ ਖਟਾਨਾ।। ਤਿਉ ਜੋਤੀ ਸੰਗਿ ਜੋਤਿ ਸਮਾਨਾ।।"* ਦੂਜੇ ਲਫ਼ਜ਼ਾਂ ਵਿਚ ਇਉਂ ਕਹਿ ਦੇਉ ਕਿ ਜਦ ਜੀਵ ਹਉਮੈ ਦੇ ਇਸ ਭੇਦ ਨੂੰ ਸਮਝ ਅਥਵਾ ਬੁਝ ਲੈਂਦਾ ਹੈ ਤਦ ਉਸ ਦੀ ਦ੍ਰਿਸ਼ਟੀ *"ਬਿਸਰਿ ਗਈ ਸਭ ਤਾਤਿ ਪਰਾਈ'* ਵਾਲੀ ਬਨ ਜਾਂਦੀ ਹੈ ਤੇ ਹਰ ਤਰਫ ਇਸ ਨੂੰ ਉਸ ਸਚੇ ਮਾਹੀ ਦਾ ਹੀ ਰੂਪ ਨਜ਼ਰ ਆਉਂਦਾ ਹੈ। ਦਸਮੇਸ਼ ਪਿਤਾ ਜੀ ਫੁਰਮਾਉਂਦੇ ਹਨ ਕਿ "ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ" ਜਿਨ੍ਹਾਂ ਨੇ ਪ੍ਰੇਮ ਕੀਤਾ ਅਥਵਾ ਜਿਨਾਂ ਮੈਂ ਮੇਰੀ (ਹਉਮੈਂ) ਨੂੰ ਪਰੇ ਕਰ ਦਿਤਾ ਅਥਵਾ ਝੂਠੀ ਹਉਮੈ ਦਾ ਤਿਆਗ ਕਰਕੇ ਅਪਨੇ ਅਸਲੀ ਰੂਪ ਨੂੰ ਪਹਿਚਾਨਿਆਂ ਕਿ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ਉਸ ਨੂੰ ਫਿਰ "ਜਤ ਦੇਖਾ ਤਤ ਤੂ" ਹੀ ਨਜ਼ਰ ਆਇਆ ਤੇ ਫੇਰ ਬਸ ਉਸ ਤੇ ਕੇਵਲ ਉਸੇ ਨੂੰ ਹੀ ਪ੍ਰਤਖ ਰੂਪ ਤੇ ਪ੍ਰਭ ਦੇ ਦੀਦਾਰ ਹੋਇ।।

ਹਾਂ ਜੀ ਇਸ ਝੂਠੀ ਹਉਮੈ ਦਾ ਤਿਆਗ ਕੀਤਾ ਉਸ ਪਾਣੀ ਪਿਲਾਨ ਵਾਲੇ ਸੇਵਾਦਾਰ ਭਾਈ ਘੰਨੀਆ ਜੀ ਨੇ ਜਿਨਾਂ ਨੂੰ ਹਰ ਤਰਫ਼ ਅਪਨੇ ਸਚੇ ਮਾਹੀ ਦਾ ਹੀ ਰੂਪ ਨਜ਼ਰ ਆਇਆ ਤੇ ਦ੍ਰਿਸ਼ਟੀਕੋਨ ਇਤਨਾ ਉਚਾ ਹੋ ਗਿਆ ਕਿ '*'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।"* ਇਹ ਹੈ ਪ੍ਰੇਮ ਦਾ ਅਸਲੀ ਸਰੂਪ। ਇਹ ਹੈ ਪ੍ਰੇਮ ਦੀ ਅਸਲੀ ਵਿਆਖਿਆ।।

ਤਾਂ ਤੇ ਇਹ ਸਪਸ਼ਟ ਹੋ ਗਿਆ ਕਿ ਐਸਾ ਸਬੰਧ ਜਿਸ ਵਿਚ ਖ਼ੁਦਗਰਜ਼ੀ (Selfishness) ਨਾ ਹੋਇ ਅਥਵਾ ਐਸਾ ਬੰਧਨ ਜਿਸ ਵਿਚ ਝੂਠੀ ਮੈ ਨ ਹੋਇ ਉਸ ਨੂੰ ਪ੍ਰੇਮ ਕਿਹਾ ਜਾਂਦਾ ਹੈ। ਇਸ ਪ੍ਰੇਮ ਦੇ ਹੀ ਅਨੇਕਾਂ ਨਾਮ ਹਨ ਜੈਸੇ ਸਨੇਹ ਪਿਆਰਿ, ਪ੍ਰੀਤਿ, ਮੁਹਬਤ ਨੇਹੁ ਆਦਿ।

ਸੰਸਾਰ ਵਿਚ ਕੋਈ ਵੀ ਐਸਾ ਪ੍ਰਾਣੀ ਨਹੀਂ ਜੋ ਪਰੇਮ ਬੰਧਨ ਦੇ ਅਧੀਨ ਹੋਇ ਕਰ ਇਕ ਦੂਜੇ ਨਾਲ ਸਬੰਧ ਸਥਾਪਤ ਕਰਨ ਦੀ ਚੇਸ਼ਟਾ ਨ ਕਰਦਾ ਹੋਇ। ਪਰ ਇਸ ਪਰੇਮ ਨੂੰ ਇਸਨਾਨ ਨੇ ਇਤਨਾ ਗਲਤ ਇਸਤੇਮਾਲ ਕੀਤਾ ਹੈ ਕਿ ਜਿਸ ਨਾਲ ਇਸ ਨੂੰ ਪ੍ਰੇਮ ਸਥਾਪਤ ਕਰਨਾ ਸੀ ਉਸ ਨੂੰ ਤਿਆਗ ਕਰ ਸੰਸਾਰਕ ਪਦਾਰਥਾਂ ਨਾਲ ਪ੍ਰੇਮ ਪਾ ਕੇ ਉਸ ਪਰਿਪੂਰਨ ਪਰਮਾਤਮਾ ਦੀਆਂ ਦਿਤੀਆਂ ਦਾਤਾਂ ਅੰਦਰ ਮਸਤ ਹੋਕੇ ਦਾਤਿ ਪਿਆਰੀ ਵਿਸਰਿਆ ਦਾਤਾਰਾ।। ਦੇ ਮਹਾਵਾਕ ਅਨੁਸਾਰ ਪ੍ਰਭੂ ਨੂੰ ਵਿਸਾਰ ਬੈਠਾ ਜਿਸ ਕਰਕੇ ਉਸ ਨੂੰ ਗਵਾਰ ਮੂਰਖ ਅਗਿਆਨੀ ਦੀ ਪਦਵੀ ਦਿਤੀ ਗਈ ਹੈ, ਗੁਰਬਾਣੀ ਪ੍ਰਮਾਣ :-

ਆਦਿ ਅੰਤਿ ਜੋ ਰਾਖਨਹਾਰੁ।।
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ।।

ਇਥੇ ਹੀ ਬਸ ਨਹੀਂ ਪ੍ਰਭੂ -ਪ੍ਰੇਮਹੀਨ ਪ੍ਰਾਣੀ ਨੂੰ ਗੁਰੂ ਸਾਹਿਬਾਂ ਨੇ ਮਿਰਤਕ, ਚੰਡਾਲ, ਵਿਸਟਾ ਕ੍ਰਿਮ ਤੋਂ ਵੀ ਨੀਵਾਂ ਕਿਹਾ ਹੈ ਚਾਹੇ ਉਹ ਪ੍ਰਾਣੀ ਕਿਤਨਾ ਹੀ ਸੁੰਦਰ, ਚਤੁਰ, ਕੁਲਵੰਤ ਧਨਵੰਤ, ਪਤਿਵੰਤ ਵਿਦਿਆ ਪ੍ਰਬੀਨ, ਪੰਡਿਤ, ਵਕਤਾ, ਫਿਲਾਸਫ਼ਰ ਅਥਵਾ ਵਿਗਿਆਨਕ, ਉਪਦੇਸ਼ਕ ਕਿਉਂ ਨ ਹੋਇ। ਗੁਰਬਾਣੀ ਪ੍ਰਮਾਣ :-

ਅਤਿ ਸੁੰਦਰ ਕੁਲੀਨ, ਚਤੁਰ
ਮੁਖਿ ਙਿਆਨੀ ਧਨਵੰਤ।।
ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ।।

ਬੰਧਨ ਜਿਨਾਂ ਦੇ ਸਹਾਰੇ ਪ੍ਰਾਣੀ ਇਕ ਦੂਜੇ ਨਾਲ ਸਬੰਧ ਸਥਾਪਤ ਕਰਦੇ ਹਨ ਤਿਨ ਪ੍ਰਕਾਰ ਦੇ ਹਨ। ੧. ਗ਼ਰਜ਼ ਬੰਧਨ ੨. ਫਰਜ਼ ਬੰਧਨ। ੩. ਪ੍ਰੇਮ ਬੰਧਨ।।



www.AKJ.Org

੧.ਗਰਜ਼ ਬੰਧਨ :- ਜੋ ਬੰਧਨ ਅਪਨੀ ਗਰਜ਼ ਦੀ ਪੂਰਤੀ ਲਈ ਸਥਾਪਤ ਕੀਤੇ ਜਾਂਦੇ ਹਨ ਉਹਨਾਂ ਨੂੰ ਗਰਜ਼ ਬੰਧਨ ਕਿਹਾ ਜਾਂਦਾ ਹੈ। ਜਦ ਤਕ ਪ੍ਰਾਣੀ ਦਾ ਕਿਸੇ ਨਾਲ ਮਤਲਬ ਹੁੰਦਾ ਹੈ ਤਦ ਅਪਨੀ ਉਸ ਗਰਜ਼ ਦੀ ਪੂਰਤੀ ਲਈ ਬੰਧਨ ਸਥਾਪਤ ਕਰੀ ਰਖਦਾ ਹੈ। ਗੁਰਬਾਣੀ ਪ੍ਰਮਾਣ :-

(੧) ਅਪਨੇ ਲੋਭ ਕਉ ਕੀਨੋ ਮੀਤੁ।

(੨) ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ।। ਜਿਤੁ ਦਿਨਿ ਉਨ੍ਹ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ।।

੨. ਫਰਜ਼ ਬੰਧਨ :- ਜੋ ਪ੍ਰਾਣੀ ਦੇ ਨਿਜੀ ਫਰਜ਼ ਹਨ ਉਹਨਾਂ ਨੂੰ ਫਰਜ਼ ਬੰਧਨ ਕਿਹਾ ਜਾਂਦਾ ਹੈ। ਮਾਤਾ ਪਿਤਾ ਦਾ ਫਰਜ਼ ਹੈ ਕਿ ਉਹ ਆਪਣੀ ਸੰਤਾਨ ਦੀ ਪਾਲਨ ਪੋਸ਼ਨ ਠੀਕ ਪ੍ਰਕਾਰ ਕਰੇ। ਇਸੇ ਤਰਾਂ ਸੰਤਾਨ ਦਾ ਫਰਜ਼ ਹੈ ਕਿ ਉਹ ਆਪਣੇ ਮਾਤਾ ਪਿਤਾ ਦੀ ਸੇਵਾ ਕਰੇ ਅਤੇ ਉਹਨਾਂ ਦੀ ਆਗਿਆਕਾਰੀ ਹੋਵੇ।

੩. ਪ੍ਰੇਮ ਬੰਧਨ :- ਜੋ ਬੰਧਨ ਪ੍ਰੇਮ ਦੇ ਕਾਰਨ ਸਥਾਪਤ ਕੀਤਾ ਜਾਂਦਾ ਹੈ ਉਸ ਨੂੰ ਪ੍ਰੇਮ ਬੰਧਨ ਕਿਹਾ ਜਾਂਦਾ ਹੈ। ਇਸ ਨੂੰ ਅਸੀਂ ਫੇਰ ਦੋ ਹਿਸਿਆਂ ਵਿਚ ਵੰਡਦੇ ਹਾਂ।

(ੳ) ਉਚਿਤ ਪ੍ਰੇਮਬੰਧਨ :- ਜੋ ਬੰਧਨ ਸਮਾਜ ਅਤੇ ਧਰਮ ਦੇ ਅਨਕੂਲ ਅਥਵਾ ਉਚਿਤ ਦ੍ਰਿਸ਼ਟੀਕੋਨ ਰਖਕੇ ਸਥਾਪਤ ਕੀਤੇ ਜਾਂਦੇ ਹਨ। ਉਹਨਾਂ ਨੂੰ ਉਚਿਤ ਪ੍ਰੇਮਬੰਧਨ ਕਿਹਾ ਜਾਂਦਾ ਹੈ। ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਭੈਣ ਦੀ ਥੁੜ, ਵੀਰ ਦੀ ਥੁੜ ਅਥਵਾ ਹੋਰ ਕਿਸੇ ਰਿਸ਼ਤੇਦਾਰ ਦੀ ਥੁੜ ਹੋਣ ਕਰਕੇ ਇਨਸਾਨ ਇਸ ਥੁੜ ਨੂੰ ਪੂਰਾ ਕਰਨ ਖਾਤਰ ਅਪਨੇ ਹੀ ਨਿਕਟ ਵਰਤੀ ਰਿਸ਼ਤੇਦਾਰਾਂ ਵਿਚੋਂ ਅਪਨੀ ਇਛਾ ਮੁਤਾਬਕ ਪ੍ਰੇਮ ਸਥਾਪਤ ਕਰਕੇ ਧਰਮ ਦੀ ਭੈਣ, ਵੀਰ ਅਥਵਾ ਸਬੰਧ ਸਥਾਪਤ ਕਰ ਲੈਂਦਾ ਹੈ ਅਤੇ ਅਪਨੇ ਦ੍ਰਿਸ਼ਟੀਕੋਨ ਨੂੰ ਸਦੈਵ ਪਵਿਤ੍ਰ ਰਖਦਾ ਹੋਇਆ ਇਸ ਪ੍ਰਕਾਰ ਸਥਾਪਤ ਕੀਤੇ ਬੰਧਨ ਨੂੰ ਤੋੜ ਚ੍ਹਾੜ ਲੈਂਦਾ ਹੈ। ਇਹ ਉਚਿਤ ਪ੍ਰੇਮ ਬੰਧਨ ਹੈ ਅਤੇ ਇਸ ਨੂੰ ਸਮਾਜ, ਧਰਮ ਦੇ ਅਨੁਸਾਰ ਉਚਿਤ ਸਮਝਿਆ ਜਾਂਦਾ ਹੈ।

(ਅ) ਅਨ-ਉਚਿਤ ਪ੍ਰੇਮਬੰਧਨ :- ਇਸ ਪ੍ਰੇਮ ਦੇ ਪਿਛੇ ਲਗ ਦੁਨੀਆਂ ਅੰਧੀ ਹੋਈ ਫਿਰਦੀ ਹੈ। ਇਸੇ ਪ੍ਰੇਮ ਬੰਧਨ ਨੂੰ ਬੜੇ ਬੜੇ ਘਰਾਣਿਆਂ ਦੀ ਇਜ਼ਤ ਆਬਰੂ ਨੂੰ ਮਿਟੀ ਸੰਗ ਮਿਲਾ ਦਿਤਾ ਹੈ। ਇਹ ਹੀ ਇਕ ਐਸਾ ਬੰਧਨ ਹੈ ਜੋ ਸੰਸਾਰ ਨੂੰ ਕੁਰਾਹੇ ਪਾ ਰਿਹਾ ਹੈ। ਇਸ ਪ੍ਰੇਮ-ਬੰਧਨ ਦੀ ਆੜ ਵਿਚ ਪ੍ਰਾਣੀ ਦਿਨ-ਬ-ਦਿਨ ਥਲੇ ਹੀ ਥਲੇ ਗਿਰਦਾ ਜਾ ਰਿਹਾ ਹੈ। ਅਜ ਦੁਨੀਆਂ ਪ੍ਰੇਮ ਦਿਵਾਨੀ ਹੋਈ ਯਾ ਇਸ ਝੂਠੇ ਪ੍ਰੇਮ ਬੰਧਨ ਦੇ ਨਸ਼ੇ ਵਿਚ ਮਸਤ ਹੋਈ ਉਚ ਨੀਚ, ਜ਼ਾਤ ਪਾਤ ਦੀ ਪ੍ਰਵਾਹ ਨ ਕਰਦੇ ਹੋਇ ਕੇਵਲ ਕਾਮਵਾਸ਼ਨਾਂ ਦੇ ਅਧੀਨ ਹੋਇ ਕਰਕੇ ਕੀ ਕੁਝ ਨਹੀਂ ਕਰਦਾ। ਇਹ ਇਥੇ ਲਿਖਣ ਦੀ ਲੋੜ ਨਹੀਂ ਬਲਕਿ ਸਭ ਦੇ ਸਾਮਣੇ ਪ੍ਰਤਖ ਰੂਪ ਵਿਚ ਇਹ ਪ੍ਰੇਮ ਦਾ ਨਕਸ਼ਾ ਕਾਲਿਜਾਂ ਤੇ ਵਡੀਆਂ ਨਿਕੀਆਂ ਸੁਸਾਈਟੀਆਂ, ਬਾਜ਼ਾਰਾਂ ਤੇ ਮੁਹੱਲਿਆਂ ਵਿਚ ਦੇਖਣ ਨੂੰ ਮਿਲਦਾ ਹੈ।

## ਗੁਰਬਾਣੀ ਅਤੇ ਪ੍ਰੇਮ

ਗੁਰਬਾਣੀ ਅੰਦਰ ਪ੍ਰੇਮ ਦਾ ਜ਼ਿਕਰ ਆਉਂਦਾ ਹੈ। ਅਸੀਂ ਪ੍ਰੇਮ ਦੀ ਉਪਰ ਦਸੀ ਵਿਆਖਿਆ ਦੇ ਅਧਾਰ ਇਸ ਨੂੰ ਮੋਟੇ ਤੋਰ ਤੇ ਦੋ ਹਿਸਿਆਂ ਵਿਚ ਵੰਡਦੇ ਹਾਂ। ਪਹਿਲਾਂ ਇਕ ਅੰਗੀ ਪ੍ਰੇਮ ਦੂਜਾ ਦੋ ਅੰਗੀ ਪ੍ਰੇਮ।

੧. ਇਕ ਅੰਗੀ ਪ੍ਰੇਮ :- ਉਹ ਪ੍ਰੇਮ ਜੋ ਇਕ ਤਰਫੀ ਹੋਇ ਅਥਵਾ ਇਕ ਤਰਫ ਤੋਂ ਪ੍ਰੇਮ ਹੈ ਪਰ ਦੂਸਰੇ ਤਰਫ ਉਸ ਪ੍ਰਤਿ ਕੋਈ ਪ੍ਰਵਾਹ ਨਹੀਂ। ਇਸ ਦੇ ਕੁਝ ਉਧਾਰਨ ਥਲੇ ਲਿਖੇ ਜਾਂਦੇ ਹਨ :-

ਪ੍ਰਮਾਣ ਨੰ: ੧ ਮਛਲੀ-ਜਲ ਪ੍ਰੇਮ :- ਮਛਲੀ ਦਾ ਪਾਣੀ ਪ੍ਰਤਿ ਕਿਤਨਾ ਅਥਾਹ ਪ੍ਰੇਮ ਹੈ ਇਸ ਨੂੰ ਕੌਣ ਨਹੀਂ ਜਾਨਦਾ ਜੋ ਜਲ ਬਿਨਾ ਇਕ ਖਿਨ ਵੀ ਨਹੀਂ ਜੀ ਸਕਦੀ। ਇਥੇ ਹੀ ਬਸ ਨਹੀਂ ਮਰਨ ਤੋਂ ਬਾਦ ਵੀ ਪਾਣੀ ਪ੍ਰਤਿ ਮਛਲੀ ਦਾ ਪ੍ਰੇਮ ਘਟਦਾ ਨਹੀਂ ਸਗੋਂ ਵਧਦਾ ਹੈ ਗੁਰਬਾਣੀ ਪ੍ਰਮਾਣ :-

(੧.) ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ।।
ਖੰਡ ਖੰਡ ਕਰਿ ਭੋਜਨੁ ਕੀਨੋ ਤਉ
ਨ ਬਿਸਰਿਓ ਪਾਨੀ।।੨।।(੬੫੮)

(੨.) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਮਛੁਲੀ ਨੀਰ।।
ਜਿਉ ਅਧਿਕਉ ਤਿਉ ਸੁਖੁ ਘਣੋ
ਮਨਿ ਤਨਿ ਸਾਂਤਿ ਸਰੀਰ।।
ਬਿਨੁ ਜਲ ਘੜੀ ਨ ਜੀਵਈ,
ਪ੍ਰਭੁ ਜਾਣੈ ਅਭ ਪੀਰ।।

(ਸਿਰੀ ਰਾਗ ਮ: ੧ ਪੰਨਾ ੬੦)

ਪਰ ਕੀ ਪਾਣੀ ਦਾ ਵੀ ਮਛੁਲੀ ਪ੍ਰਤਿ ਪ੍ਰੇਮ ਹੈ। ਪਾਣੀ ਨੂੰ ਕੀ ? ਮਛੁਲੀ ਮਰੇ ਯਾ ਜੀਵੇ। ਇਹ ਹੈ ਇਕ ਅੰਗੀ ਪ੍ਰੇਮ।



www.AKJ.Org

੨. ਜਲ-ਕਮਲ-ਪ੍ਰੇਮ :-ਕਾਦਰ ਦੀ ਕੁਦਰਤ ਵੀ ਕਮਾਲ ਹੈ ਵਾਹ ਰਚਨਹਾਰ ਕਰਤਾਰ ਤੇਰੀ ਰਚਨਾ ਦਾ ਕਾਨੂੰਨ ਤੈਨੂੰ ਹੀ ਪਤਾ ਹੋਇ। ਕਿਥੇ ਕਮਲ ਜੋ ਪਾਣੀ ਵਿਚ ਹੀ ਪੈਦਾ ਹੋਂਦਾ ਹੈ ਕਿਸ ਤਰਾਂ ਉਹ ਪਾਣੀ ਦੀਆਂ ਲਹਿਰਾਂ ਨਾਲ ਪਛਾੜਿਆ ਜਾ ਰਿਹਾ ਹੈ। ਕਿਸ ਨਿਰਦੋਈ ਤਰੀਕੇ ਨਾਲ ਲਹਿਰਾਂ ਕਮਲ ਨੂੰ ਜੜ ਤੋਂ ਪੁਟਨ ਦਾ ਜਤਨ ਕਰ ਰਹੀਆਂ ਹਨ ਪਰ ਕਮਲ ਵਾਹ ਤੇਰਾ ਪ੍ਰੇਮ ਪਾਨੀ ਪ੍ਰਤਿ ਹੈ ਜਿਉਂ ਜਿਉਂ ਲਹਿਰਾਂ ਜ਼ਿਆਦਾ ਉਠਦੀਆਂ ਹਨ ਤਿਉਂ ਤਿਉਂ ਕਮਲ ਵਿਗਸਦਾ, ਖਿਲਖਿਲਾਉਂਦਾ ਹੈ, ਮੁਸਕਰਾਉਂਦਾ,ਅਤੇ ਉਮਾਹ ਵਿਚ ਆਉਂਦਾ ਹੈ। ਇਹ ਹੈ ਕਮਲ ਦਾ ਪਾਨੀ ਪ੍ਰਤਿ ਪਿਆਰ। ਗੁਰਬਾਣੀ ਪ੍ਰਮਾਣ :-

(੧.) **ਨੇਹੁੰ ਕਵਲ ਜਲ ਜਾਣੀਐ,ਖਿੜ ਮੂੰਹ ਵੇਖਾਲੇ।।**

(੨.) **ਰੇ ਮਨਿ ਐਸੀ ਹਰਿ ਸਿਉ ਪ੍ਰੀਤਿ ਕਰਿ**
**ਜੈਸੀ ਜਲ ਕਮਲੇਹਿ।।**
**ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।।**

੩.ਚਾਤ੍ਰਿਕ-ਮੋਂਹ-ਪ੍ਰੇਮ :- ਚਾਤ੍ਰਿਕ ਦਾ ਵੀ ਅਨੋਖਾ ਪ੍ਰੇਮ ਹੈ। ਕਿਥੇ ਪ੍ਰਿਥਵੀ ਦਾ ਤਿਨ ਹਿਸੇ ਪਾਨੀ ਹੀ ਪਾਨੀ ਹੈ ਪਰ ਵਾਹ ਚਾਤ੍ਰਿਕ ਤੇਰਾ ਪ੍ਰੇਮ ਸ੍ਵਾਂਤਿ ਬੂੰਦ ਪ੍ਰਤਿ। ਹੇ ਚਾਤ੍ਰਿਕ ਜਿਸ ਸ੍ਵਾਂਤਿ ਬੂੰਦ ਲਈ ਤੂੰ ਪ੍ਰਿਉ ਪ੍ਰਿਉ ਦੀ ਰਟ ਲਗਾਈ ਬੈਠਾ ਹੈਂ ਅਤੇ ਤਰਸ ਰਿਹਾ ਹੈਂ। ਕੀ ਉਸ ਦਾ ਵੀ ਤੇਰੇ ਪ੍ਰਤਿ ਕੋਈ ਪ੍ਰੇਮ ਹੈ ? ਗੁਰਬਾਣੀ ਪ੍ਰਮਾਣ :-

(੧.) **ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ**
**ਬਿਲਪ ਕਰੈ ਬਿਲ ਲਾਈ।।**
**ਘਨਹਰ ਘੋਰ ਦਸੌ ਦਿਸਿ ਬਰਸੈ,**
**ਬਿਨੁ ਜਲ ਪਿਆਸ ਨ ਜਾਈ।।੩।।**

(੨.) **ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ,**
**ਜੈਸੀ ਚਾਤ੍ਰਿਕ ਮੋਹ।।**
**ਸਰ ਭਰਿ ਥਲ ਹਰੀਆਵਲੇ,**
**ਇਕ ਬੂੰਦ ਨ ਪਵਈ ਕੇਹ।**

੪. ਚਕਵੀ-ਸੂਰਜ-ਪ੍ਰੇਮ :- ਚਕਵੀ ਦਾ ਵਿਛੋੜਾ ਵੀ ਇਕ ਅਜੀਬ ਵਿਛੋੜਾ ਹੈ। ਚਕਵੀ ਤੜਫ ਰਹੀ ਹੈ ਕਿ ਕਦ ਸੂਰਜ ਦੇਵਤਾ ਦੇ ਦਰਸ਼ਨ ਹੋਣ। ਨੀਂਦ ਦਾ ਤਿਆਗ ਕਰ ਸਾਰੀ ਰਾਤ ਤੜਫਦੀ ਰਹਿਦੀ ਹੈ ਪਰ ਸੂਰਜ ਦੇ ਨਿਕਲਦੇ ਸਾਰ ਹੀ ਵਿਛੋੜਾ ਮੁਕ ਜਾਂਦਾ ਹੈ। ਕੀ ਇਹ ਵਿਛੋੜਾ ਇਕ ਦਿਨ ਲਈ ਹੈ ? ਨਹੀਂ ਨਹੀਂ ਸਾਰੀ ਉਮਰ ਦੀ। ਕੀ ਚਕਵੀ ਦੀ ਪੁਕਾਰ ਸੁਣ ਕੇ ਸੂਰਜ ਨੇ ਅਸਤ ਹੋਣਾ ਬੰਦ ਕਰ ਦਿਤਾ ਹੈ। ਐਸਾ ਕਦੀ ਨਹੀਂ ਹੋ ਸਕਦਾ ਚਕਵੀ ਪਈ ਤੜਫੇ, ਕੁਰਲਾਇ, ਬਿਲਲਾਇ ਸੂਰਜ ਨੇ ਤਾਂ ਅਸਤ ਹੋਣਾ ਹੀ ਹੈ। ਗੁਰਬਾਣੀ ਪ੍ਰਮਾਣ :-

(੧.) **ਚਕਵੀ ਨੈਨ ਨੀਦ ਨਹਿ ਚਾਹੈ,**
**ਬਿਨੁ ਪਿਰ ਨੀਦ ਨ ਪਾਈ।।**
**ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ,**
**ਨਿਵਿ ਨਿਵਿ ਲਾਗੈ ਪਾਂਈ।।**

(੨.) **ਚਕਵੀ ਸੂਰ ਸਨੇਹੁ ਚਿਤਵੇ ਆਸ ਘਣੀ**
**ਕਦਿ ਦਿਨਿਅਰੁ ਦੇਖੀਐ।।**

(੩.) **ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ**
**ਜੈਸੀ ਚਕਵੀ ਸੂਰ।।**
**ਖਿਨੁ ਪਲੁ ਨੀਂਦ ਨ ਸੋਵਈ ਜਾਣੈ ਦੂਰਿ ਹਜੂਰਿ।।**

ਮਛਲੀ ਪਾਨੀ ਦਾ ਪਰੇਮ, ਜਲਕਮਲ ਦਾ ਪਰੇਮ, ਚਾਤ੍ਰਿਕ ਮੋਂਹ ਦਾ ਪਰੇਮ, ਚਕਵੀ ਸੂਰਜ ਦਾ ਪਰੇਮ, ਦੁਧ ਪਾਣੀ ਦਾ ਪਰੇਮ, ਪਤੰਗੇ ਸ਼ਮਾਂ ਦਾ ਪਰੇਮ, ਚੰਦ ਚਕੋਰ ਦਾ ਪਰੇਮ, ਮੋਰ ਬਾਬੀਹੇ ਦਾ ਬਦਲਾਂ ਨਾਲ ਪਰੇਮ ਆਦਿ ਇਹ ਸਭ ਇਕ ਅੰਗੀ ਪਰੇਮ ਹਨ।।

੨. ਦੋ ਅੰਗੀ ਪ੍ਰੇਮ :- ਜੋ ਪਰੇਮ ਦੋਨੋਂ ਹੀ ਤਰਫੋਂ ਹੋਏ ਉਸ ਨੂੰ ਦੋ ਅੰਗੀ ਪਰੇਮ ਕਿਹਾ ਜਾਂਦਾ ਹੈ। ਇਸ ਨੂੰ ਅਸੀਂ ਠੀਕ ਸਮਝਨ ਲਈ ਫੇਰ ਦੋ ਹਿਸਿਆਂ ਵਿਚ ਵੰਡਦੇ ਹਾਂ। ੧. ਅਸਥਾਈ ਪਰੇਮ (੨.) ਸਥਾਈ ਪਰੇਮ।

ਅਸਥਾਈ ਪਰੇਮ :- ਜੋ ਦੋ ਅੰਗੀ ਤੋਂ ਹੋਏ ਪਰ ਸਦਾ ਇਕ ਰਸ ਥਿਰ ਰਹਨ ਵਾਲਾ ਨਾ ਹੋਇ ਉਸ ਨੂੰ ਅਸਥਾਈ ਪਰੇਮ ਕਿਹਾ ਜਾਂਦਾ ਹੈ। ਇਸਤ੍ਰੀ ਮਰਦ ਦਾ ਪਰੇਮ ਭਾਈ ਭਾਈ ਦਾ ਪਰੇਮ ਭੈਣ ਵੀਰ ਦਾ ਪਰੇਮ, ਪਿਤਾ ਪੁਤ੍ਰ ਦਾ ਪਰੇਮ ਆਦਿ ਇਹ ਸਭ ਸੰਸਾਰਕ ਪਰੇਮ ਅਸਥਾਈ ਹਨ। ਇਹ ਪਰੇਮ ਪਰਲੋਕ ਵਿਚ ਸਹਾਇਕ ਨਹੀਂ ਹਨ। ਇਸ ਲਈ ਇਸ ਪਰੇਮ ਨੂੰ ਗੁਰਬਾਣੀ ਅੰਦਰ ਝੂਠਾ ਪਰੇਮ ਕਿਹਾ ਗਿਆ ਹੈ। ਪ੍ਰਮਾਣ ਗੁਰਬਾਣੀ :-

੧. ਸਭ ਕਿਛੁ ਜੀਵਤ ਕੋ ਬਿਵਹਾਰ।।
ਮਾਤ ਪਿਤਾ ਭਾਈ ਸੁਤ ਬੰਧਪ,
ਅਰੁ ਫੁਨਿ ਗ੍ਰਿਹ ਕੀ ਨਾਰਿ।।੧।।ਰਹਾਉ।।
ਤਨ ਤੇ ਪ੍ਰਾਨ ਹੋਤ ਜਬ ਨਿਆਰੇ,
ਟੇਰਤ ਪ੍ਰੇਤਿ ਪੁਕਾਰਿ।।
ਆਧ ਘਰੀ ਕੋਊ ਨਹਿ ਰਾਖੈ,
ਘਰ ਤੇ ਦੇਤ ਨਿਕਾਰਿ।।੧।।(੫੩੬)

੨. ਜਗਤ ਮੈ ਝੂਠੀ ਦੇਖੀ ਪ੍ਰੀਤਿ।।
ਅਪਨੇ ਹੀ ਸੁਖ ਸਿਉ ਸਭ ਲਾਗੇ,
ਕਿਆ ਦਾਰਾ ਕਿਆ ਮੀਤ।।੧।।ਰਹਾਉ।।


www.AKJ.Org

**ਮੇਰਉ ਮੇਰਉ ਸਭੈ ਕਹਤ ਹੈ,**
**ਹਿਤ ਸਿਉ ਬਾਧਿਓ ਚੀਤ।।**
**ਅੰਤਿ ਕਾਲਿ ਸੰਗੀ ਨਹ ਕੋਊ,**
**ਇਹ ਅਚਰਜ ਹੈ ਰੀਤਿ।।੧।।(੫੩੬)**

ਗੁਰਬਾਣੀ ਅੰਦਰ ਇਸ ਪਰੇਮ ਨੂੰ ਝੂਠਾ ਕਿਹਾ ਹੈ ਤੇ ਇਸ ਤੋਂ ਨਿਰਲੇਪ ਰਹਨ ਲਈ ਤਾਗੀਦ ਕੀਤੀ ਗਈ ਹੈ। ਮਿਤ੍ਰ, ਮਾਤਾ, ਪਿਤਾ, ਭਾਈ, ਭੈਣ, ਇਸਤ੍ਰੀ, ਮਰਦ ਆਦਿ ਇਹ ਸਭ ਮਤਲਬ ਦੇ ਸਬੰਧ ਹਨ ਅਤੇ ਜਦ ਤਕ ਇਕ ਦੂਜੇ ਤੋਂ ਮਤਲਬ ਹਲ ਹੁੰਦਾ ਰਹਿੰਦਾ ਹੈ ਤਦ ਤਕ ਇਹ ਸਬੰਧ ਬਨੇ ਰਹਿੰਦੇ ਹਨ।

ਗੁਰਬਾਣੀ ਵਿਚ ਇਸ ਨੂੰ ਹੋਰ ਵੀ ਸਪਸ਼ਟਤਾ ਨਾਲ ਗੁਰੂ ਸਾਹਿਬ ਕਿਤਨਾ ਸੁੰਦਰ ਲਿਖਦੇ ਹਨ .....

**ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪੁਨੈ ਸੁਆਇ ਮਿਲਾਸਾ।।ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ।।** ਤਾਂ ਤੇ ਸਾਨੂੰ ਇਸ ਝੂਠੇ ਪਰੇਮ ਵਿਚ ਖਚਤ ਨਹੀਂ ਹੋ ਜਾਨਾ ਚਾਹੀਦਾ ਇਹ ਤਾਂ *"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ। ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।"* ਇਹ ਬੰਧਨ ਗਰਜ਼ ਬੰਧਨ ਦੀ ਹੀ ਸ਼ਾਖਾ ਹੈ।

**ਸਥਾਈ ਪ੍ਰੇਮ** (ਸਚਾ ਪਰੇਮ) :- ਉਹ ਪਰੇਮ ਜੋ ਸਦਾ ਦੋਨੋਂ ਤਰਫਾਂ ਤੋਂ ਥਿਰ ਰਹਿਨ ਵਾਲਾ, ਲੋਕ ਪ੍ਰਲੋਕ ਹਲਤ ਪਲਤ, ਹਰ ਪਹਲੂ ਤੋਂ ਸਚਾ ਹੋਇ ਉਸ ਨੂੰ ਸਥਾਈ ਪਰੇਮ ਕਿਹਾ ਜਾਂਦਾ ਹੈ।

## ਸਿੱਖ ਅਤੇ ਗੁਰੂ ਦਾ ਪ੍ਰੇਮ

ਸਿਖ ਦਾ ਅਪਨੇ ਸਤਿਗੁਰ ਪ੍ਰਤਿ ਕਿਤਨਾ ਅਥਾਹ ਪਰੇਮ ਹੈ। ਪਰੇਮ ਨੂੰ ਤਾਂ ਅਸਲ ਵਿਚ ਸਮਝਿਆ ਹੀ ਸਿਖ ਨੇ ਹੈ, ਨਹੀਂ ਤਾਂ ਹੋਰ ਲੁਕਾਈ ਤਾਂ ਐਵੇਂ ਹੀ ਪਰੇਮ ਸ਼ਬਦ ਨੂੰ ਹੀ ਵਿਗਾੜ ਅਥਵਾ ਗਲਤ ਇਸਤੇਮਾਲ ਕਰ ਰਹੀ ਹੈ। ਆਉ ਹੁਣ ਜ਼ਰਾ ਦੇਖੀਏ ਕਿ ਸਿਖ ਦਾ ਗੁਰੂ ਪ੍ਰਤਿ ਅਤੇ ਗੁਰੂ ਦਾ ਸਿਖ ਪ੍ਰਤਿ ਕੈਸਾ ਪਰੇਮ ਹੈ ।

**ਸਿਖ ਦਾ ਗੁਰੂ ਪ੍ਰਤਿ ਪ੍ਰੇਮ :-** ਛੋਟਾ ਜਿਹਾ ਬਚਾ, ਭੋਲਾ ਜਿਹਾ ਬਚਾ ਗੁਰੂ ਚਰਨਾਂ ਵਿਚ ਹਾਜ਼ਰ ਹੁੰਦਾ ਹੈ ਤੇ ਗੁਰੂ ਸਾਹਿਬ ਉਸ ਤੋਂ ਪੁਛਦੇ ਹਨ। ਤੇਰਾ ਨਾਮ। ਬਚਾ ਕਹਿੰਦਾ ਹੈ ਗੁਰੂ ਜੀ ਮੈਨੂੰ ਲੋਕੀ ਜੋਗਾ ਜੋਗਾ ਕਹਿੰਦੇ ਹਨ ਗੁਰੂ ਜੀ ਕਹਿੰਦੇ ਹਨ ਕਿਸ ਜੋਗਾ। ਗੁਰੂ ਜੀ ਗੁਰੂ ਜੋਗਾ। ਗੁਰੂ ਜੀ ਬਹੁਤ ਪ੍ਰਸੰਨ ਹੋਂਦੇ ਹਨ ਤੇ ਕਹਿੰਦੇ ਹਨ ਕਿ ਜੇ ਤੂੰ ਗੁਰੂ ਜੋਗਾ ਤਾਂ ਗੁਰੂ ਤੇਰੇ ਜੋਗਾ। ਸੇਵਾ ਦਾ ਪੁਤਲਾ, ਗੁਰੂ ਚਰਨਾਂ ਦਾ ਭੌਰਾ ਨਿਤ ਨੇਮੀ, ਬਾਣੀ ਦਾ ਆਸ਼ਕ, ਅੰਮ੍ਰਿਤਧਾਰੀ ਕਰਨੀ ਦਾ ਸੂਰਾ, ਆਗਿਆਕਾਰੀ ਭਾਈ ਜੋਗਾ ਸਿੰਘ ਲਾਵਾਂ ਲੈ ਰਿਹਾ ਹੈ ਕਿ ਹੁਕਮ ਨਾਮਾ ਪਹੁੰਚ ਜਾਂਦਾ ਹੈ। ਬਸ ਫੇਰ ਕੀ ਸੀ ਲਾਵਾਂ ਉਥੇ ਹੀ ਛੱਡ ਦਿਤੀਆਂ ਤੇ ਗੁਰੂ ਚਰਨਾਂ ਵਿਚ ਹਾਜ਼ਰ ਹੋਣ ਖਾਤਰ ਤੁਰ ਪੈਂਦਾ ਹੈ। ਇਹ ਹੈ ਜੀ ਸਿਖ ਦਾ ਪਰੇਮ ਅਪਨੇ ਸਚੇ ਸਤਿਗੁਰ ਪ੍ਰਤਿ ਜਿਸ ਨੇ ਸੰਸਾਰ ਦੇ ਸਾਰੇ ਬੰਧਨਾਂ ਨੂੰ ਤੋੜ ਦਿਤਾ, ਲੋਕ ਲਜਾ ਤਿਆਗ ਦਿਤੀ, ਬਰਾਦਰੀ ਦੁਨੀਆਂ ਦਾਰੀ, ਰਿਸ਼ਤੇਦਾਰੀ ਲੋਕ ਚਾਰੀ ਦਾ ਤਿਆਗ ਕਰ ਦਿਤਾ ਤੇ ਇਹ ਕਹਿ ਉਠਿਆ ਕਿ *"ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।। ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।।"*

**ਸਤਿਗੁਰ ਦਾ ਪ੍ਰੇਮ ਅਪਨੇ ਸਚੇ ਗੁਰਸਿਖ ਪ੍ਰਤਿ :-**

ਜੋ ਗੁਰ ਸਾਂਗ ਵਰਤਦਾ ਸਿਖ ਕਿਆ ਕਰੇ ਵਿਚਾਰਾ।। ਕਰਤਾਰ ਦੇ ਵੀ ਰੰਗ ਅਨੋਖੇ ਹਨ ਉਸ ਦੇ ਭੇਦ ਨੂੰ ਉਹ ਹੀ ਜਾਨਦਾ ਹੈ। ਇਤਨੇ ਉਚੇ ਜੀਵਨ ਵਾਲਾ ਭਾਈ ਜੋਗਾ ਸਿੰਘ ਜੀ ਜਾ ਪਹੁੰਚੇ ਹਨ ਨਰਕਾਂ ਦੇ ਦਰਵਾਜ਼ੇ ਹੁਸ਼ਿਆਰਪੁਰ ਮਨ ਖੁਟ ਹਰ ਤੇਰਾ ਨਹੀ ਬਿਸਾਸੁ ਤੂ ਮਹ ਉਦਮਾਦਾ' ਦੇ ਮਹਾਨ ਗੁਰਵਾਕ ਅਨੁਸਾਰ ਇਸ ਮਨ ਨੂੰ ਬਦਲਨ ਲਗਿਆਂ ਵੀ ਦੇਰ ਨਹੀਂ ਲਗਦੀ। ਕਿਉਂ ਕਿ ਇਹ ਮੰਨ ਹੀ ਤਾਂ ਸੀ ਇਸ ਨੂੰ ਵੀ ਉਸ ਮਨ ਨੇ ਡੋਗ ਦਿਤਾ ਅਤੇ ਜਪ ਤਪ ਜਿਸ ਨੇ ਰਾਜਾ ਭਰਥਰੀ ਨੂੰ ਜਿਸ ਨੂੰ ਰਾਜ ਭਾਗ ਅਤੇ ਸਭ ਠਾਠ ਬਾਟ ਦਾ ਤਿਆਗ ਕਰਵਾ ਕੇ ਤੇ ਸਨਿਆਸ ਧਾਰਨ ਕਰਨ ਦੀ ਪਰੇਰਨਾ ਦਿਤੀ ਪਰ ਵਾਹ ਖੁਟਹਰ ਮੰਨ ਨੂੰ ਉਸ ਨੂੰ ਪਾਨ ਦੀ ਥੁਕ ਨੂੰ ਲਾਲ ਦਾ ਭੁਲੇਖਾ ਪਾ ਕੇ ਚੁਕਨ ਲਈ ਮਜਬੂਰ ਕਰ ਦਿਤਾ। ਇਕ ਸਾਧਾਰਨ ਮਨੁਖ ਤਾਂ ਕੀ ਰਿਸ਼ੀ ਮੁਨੀ, ਸੰਤ ਮਹਾਤਮਾ, ਦੇਵੀ ਦੇਵਤਾ, ਬ੍ਰਹਮਾ, ਇੰਦ੍ਰਾਦਿਕ ਨੂੰ ਖੰਡਨ ਕਰ ਦਿਤਾ। ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ।"

ਹਾਂ ਜੀ 'ਕਬਹੂ' ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ। ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ"।।੨।। ਦੇ ਮਹਾਨ ਗੁਰਵਾਕ ਅਨੁਸਾਰ ਭਾਈ ਜੋਗਾ ਸਿੰਘ ਜੀ ਵੇਸਵਾ ਦੇ ਦਰ ਤੇ ਸਾਰੀ ਰਾਤ ਹੁਸ਼ਿਆਰ ਪੁਰ ਭਟਕਦੇ ਹਨ। ਪਰ ਵਾਹ ਕਲਗੀਧਰ, ਦਸਮੇਸ਼ ਪਿਤਾ, ਨਾਸਰੋ ਮਨਸੂਰ, ਸਰਬੰਸ ਦਾਨੀ, ਸੰਤ ਸਿਪਾਹੀ, ਖਾਲਸੇ ਬੇਦੀਣਾ, ਹਕ ਹਕ ਆਈਨਾ, ਅੰਮ੍ਰਿਤ ਦੇ ਦਾਤੇ ਸਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਨੇ


www.AKJ.Org

ਸਚਿਆਰ ਸਿੰਘ ਨੂੰ ਇਸ ਘੋਰ ਪਾਪ ਤੋਂ ਬਚਾਨ ਖਾਤਰ ਆਪ ਪਹਰੇਦਾਰ ਬਨ ਕੇ ਸਾਰੀ ਰਾਤ ਵੇਸਵਾ ਦੇ ਦਰ ਤੇ ਪੈਹਰਾ ਦਿਤਾ ਤੇ 'ਜੇ ਹਉ ਪੂਤ ਕਪੂਤ ਬਉੜ ਪਿਤਾ ਕੋ ਲਾਜ" ਮਹਾਨ ਵਾਕ ਅਨੁਸਾਰ ਅਪਨੇ ਸਿਖ ਨੂੰ ਬਾਹੋਂ ਪਕੜ ਕੇ ਨਰਕਾਂ ਵਿਚੋਂ ਡੁਬਦੇ ਨੂੰ ਕਢ ਲਿਆ। ਹਾਂ ਜੀ ਕੀ ਕੁਝ ਨਹੀਂ ਕੀਤਾ ਗੁਰੂ ਨੇ ਅਪਨੇ ਸਚਿਆਰ ਸਿਖ ਲਈ। ਇਸ ਦੀ ਗਵਾਹੀ ਸੁਖਮਨੀ ਸਾਹਿਬ ਵਿਚ ਹੋਰ ਵੀ ਸਪਸ਼ਟਤਾ ਨਾਲ ਦਰਸਾਈ ਗਈ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।। ਸੇਵਕ ਕਉ ਗੁਰੁ ਸਦਾ ਦਇਆਲ ।।ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।। ਗੁਰਬਚਨੀ ਹਰਿ ਨਾਮੁ ਉਚਰੈ।।ਸਤਿਗੁਰੁ ਸਿਖ ਕੇ ਬੰਧਨ ਕਾਟੈ।। ਗੁਰ ਕਾ ਸਿਖੁ ਬਿਕਾਰ ਤੇ ਹਾਟੈ ।। ਸਤਿਗੁਰੁ ਸਿਖ ਕਉ ਨਾਮ ਧਨੁ ਦੇਇ।। ਗੁਰ ਕਾ ਸਿਖੁ ਵਡਭਾਗੀ ਹੇ।। ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।। ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।

ਇਸ ਮਹਾਨ ਪੰਥ ਪ੍ਰਦਸ਼ਕ ਵਾਕ ਅੰਦਰ ਇਹ ਪੰਗਤੀ ਬੜੀ ਵਿਚਾਰਨ ਯੋਗ ਹੈ ਕਿ ਅਪਣੇ ਸਿਖ ਦੇ ਸਤਿਗੁਰ ਕਿਸ ਤਰਾਂ ਨਾਲ ਸਾਰੇ ਬੰਧਨ ਕਟਕੇ ਉਸ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ ਪਰ ਸ਼ਰਤ ਇਹ ਹੈ ਕਿ ਗੁਰ ਕਾ ਸਿਖ ਬਿਕਾਰ ਤੇ ਹਾਟੈ ਜਦ ਸਿਖ ਵਿਕਾਰਾਂ ਤੋਂ ਹਟ ਜਾਏ, ਆਪਣੇ ਮਾਲਕ ਸਤਿਗੁਰ ਦੇ ਹੁਕਮ ਤੇ ਚਲੇ, ਅਪਨੀ ਮਨਿਮਤ ਨੂੰ ਤਿਆਗ ਕੇ ਗੁਰਮਤਿ ਨੂੰ ਗ੍ਰਹਿਣ ਕਰੇ ਅਤੇ ਇਹ ਕੁਝ ਕਰਦਾ ਹੋਇਆ ਪਰੇਮ ਦੇ ਰੰਗਨ ਵਿਚ ਇਸ ਪਰਕਾਰ ਰੰਗਿਆ ਜਾਏ ਕਿ "ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ।।ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।। ਅਥਵਾ ਝਖੜੁ ਝਾਂਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।।੧੩।। ਸਮੁੰਦ ਸਾਗਰੁ ਹੋਵੈ ਬਹੁ ਖਾਰਾ, ਗੁਰਸਿਖੁ ਲੰਘਿ ਗੁਰ ਪਹਿ ਜਾਈ।।" ਅਥਵਾ "ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ"।। ਮਹਾਨ ਵਾਕਾਂ ਅਨੁਸਾਰ ਅਪਣਾ ਆਪ ਜਦ ਗੁਰੂ ਅਰਪਣ ਕਰ ਦਿੰਦਾ ਹੈ ਤਾਂ ਫੇਰ ਸਤਿਗੁਰੂ ਐਸੇ ਸਿਖ ਤੋਂ ਸਭ ਕੁਛ ਕੁਰਬਾਨ ਕਰ ਦਿੰਦੇ ਹਨ। ਉਸ ਦਾ ਹਲਤ ਪਲਤ ਸਵਾਰ, ਦੀਨ ਦੁਨੀਆਂ ਦਾ ਮਾਲਕ ਬਣਾ ਦਿੰਦੇ ਹਨ।

ਸਤਿਗੁਰ ਜੀ ਪ੍ਰੇਮ ਦੇ ਭੁਖੇ ਹਨ। ਇਸ ਪ੍ਰੇਮ ਦੀ ਖਾਤਰ ਜਿਸ ਨੇ ਜਿਥੇ ਜਿਥੇ ਵੀ ਸਤਿਗੁਰੂ ਨੂੰ ਯਾਦ ਕੀਤਾ ਉਥੇ ਉਥੇ ਹੀ ਗੁਰੂ ਜੀ ਪਹੁੰਚੇ। ਹਾਂ ਜੀ ਕੀ ਕਾਰਨ ਸੀ ਕਿ ਸਤਿਗੁਰੂ ਨਾਨਕ ਦੇਵ ਜੀ ਉਸ ਗਰੀਬ ਤਰਖਾਣ ਭਾਈ ਲਾਲੋ ਪਾਸ ਐਮਨਾਂਬਾਦ ਪਹੁੰਚੇ ਤੇ ਉਸ ਦੀ ਕੋਧਰੇ ਦੀ ਰੋੜੀ ਨੂੰ ਪ੍ਰੇਮ ਸਹਿਤ ਪ੍ਰਵਾਨ ਹੀ ਨਹੀਂ ਕੀਤਾ ਬਲਕਿ ਉਸ ਦੀ ਹਕ ਦੀ ਕਮਾਈ ਦੀ ਰੋਟੀ ਚੋਂ ਦੁਧ ਤੇ ਮਲਕ ਭਾਗੋ ਦੇ ਪੂੜਿਆਂ ਚੋਂ ਖੂਨ ਕਢ ਕੇ ਰਹਿੰਦੀ ਦੁਨੀਆਂ ਤਕ ਇਸ ਪਰੇਮ ਦੀ ਮਿਸਾਲ ਨੂੰ ਕਾਇਮ ਕਰ ਦਿਤਾ ਅਤੇ ਗੋਵਿੰਦ ਭਾਉ ਭਗਤ ਦਾ ਭੁਖਾ ਪੰਗਤੀ ਦੀ ਪਰੋੜਤਾ ਕੀਤੀ। ਕੀ ਸ੍ਰੀ ਰਾਮ ਚੰਦਰ ਜੀ ਨੇ ਇਕ ਬਨ ਵਿਚ ਰਹਿਣ ਵਾਲੀ ਗਰੀਬ ਭੀਲਨੀ ਦੇ ਜੂਠੇ ਬੇਰ ਇਸ ਪਰੇਮ ਦੇ ਵਸ ਹੀ ਹੋ ਕਰ ਨਹੀਂ ਸਨ ਖਾਧੇ ਅਤੇ ਕ੍ਰਿਸ਼ਨ ਜੀ ਮਹਾਰਾਜ ਨੇ ਬਿਦਰ ਦਾ ਰੁਖਾ ਸੁਖਾ ਸਾਗ ਪ੍ਰਵਾਨ ਕੀਤਾ। ਪਰੇਮ ਦਾ ਨਸ਼ਾ ਵੀ ਇਕ ਅਜੀਬ ਨਸ਼ਾ ਹੈ। ਇਕ ਅਨੋਖੀ ਮਸਤੀ ਹੈ ਜੋ ਇਨਸਾਨ ਨੂੰ ਦਿਵਾਨਾ ਬਣਾ ਦਿੰਦੀ ਹੈ। ਇਸੇ ਪਰੇਮ ਦੀ ਮਸਤੀ ਵਿਚ ਸ੍ਰੀ ਕ੍ਰਿਸ਼ਨ ਜੀ ਬਿਦਰ ਦੀ ਇਸਤਰੀ ਪਾਸੋ ਖਾ ਰਹੇ ਹਨ ਪ੍ਰੇਮ ਸਹਿਤ ਕੇਲਿਆਂ ਦੇ ਛਿਲਕੇ। ਨਾ ਖਾਣ ਵਾਲੇ ਨੂੰ ਪਤਾ ਹੈ ਕਿ ਮੈਂ ਕੀ ਖਾ ਰਿਹਾ ਹਾਂ ਤੇ ਨਾ ਖਿਲਾਵਣ ਹਾਰੇ ਨੂੰ ਹੀ ਪਤਾ ਹੈ ਕਿ ਮੈਂ ਕੀ ਖਿਲਾਈ ਜਾ ਰਿਹਾ ਹਾਂ। ਇਹ ਹੈ ਪ੍ਰੇਮ ਦਾ ਸਚਾ ਨਸ਼ਾ। ਪਰ ਇਸ ਪ੍ਰੇਮ ਦੇ ਹਿਰਦੇ ਅਸਥਲ ਅੰਦਰ ਸਹੀ ਤੜਪ ਹੋਇ। *ਅਹਿਨਿਸਿ ਜਾਗੈ ਨੀਦ ਨ ਸੋਵੈ।। ਸੋ ਜਾਣੈ ਜਿਸ ਵੇਦਨ ਹੋਵੈ।। ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।।੧।।*

ਅਥਵਾ

ਜਿਸ ਨੋ ਪ੍ਰੇਮੁ ਮੰਨਿ ਵਸਾਏ
ਸਾਚੈ ਸਬਦਿ ਸਹਜਿ ਸੁਭਾਇ।।
ਏਹਾ ਵੇਦਨ ਸੋਈ ਜਾਣੈ
ਅਵਰੁ ਕਿ ਜਾਣੈ ਕਾਰੀ ਜੀਉ।।੧।।

ਤਾਂ ਤੇ ਪਰੇਮ ਹੀ ਇਕ ਸਚਾ ਰਸਤਾ ਹੈ। ਪਰੇਮ ਹੀ ਸਿਧਾ ਜ਼ਰੀਆ ਹੈ ਪਰਿਪੂਰਨ ਪਰਮਾਤਮਾ ਨੂੰ ਪਾਣ ਦਾ। ਨਾਮ ਦੇਵ ਜੀ ਕਿਤਨਾ ਸਪਸ਼ਟ ਕਰਦੇ ਹਨ ਕਿ ਪ੍ਰਭ ਜੀ ਪ੍ਰੀਤਿ ਮਜੂਰੀ ਮੰਗਦੇ ਹਨ।

ਬੋਢੀ ਪ੍ਰੀਤਿ ਮਜੂਰੀ ਮਾਂਗੈ,
ਜਉ ਕੋਊ ਛਾਨਿ ਛਵਾਵੈ ਹੋ।।

ਹਾਂ ਜੀ ਸਿਖ ਨੇ ਪਰੇਮ ਕਰਨਾ ਹੈ ਅਪਨੇ ਸਚੇ ਸਤਿਗੁਰੂ ਨਾਲ ਜੋ ਪਰੇਮ ਦਾ ਹੀ ਸਚ ਸਰੂਪ ਹੈ। ਇਹ ਹੀ ਪਰੇਮ ਸਚਾ ਔਰ ਥਿਰ ਰਹਨ ਵਾਲਾ ਹੈ। ਯਥਾ ਗੁਰਵਾਕ :-

ਸਚਾ ਪ੍ਰੇਮ ਪਿਆਰੁ, ਗੁਰ ਪੂਰੇ ਤੇ ਪਾਈਐ।
ਕਬਹੂ ਨ ਹੋਵੈ ਭੰਗੁ, ਨਾਨਕ ਹਰਿ ਗੁਣ ਗਾਈਐ।।੧੧।।

ਫੇਰ ਜਿਸ ਗੁਰ ਸਿਖ, ਵਡਭਾਗੀ ਗੁਰਮੁਖ ਨੇ ਇਸ


www.AKJ.Org

ਪਰੇਮ ਨੂੰ ਪਾ ਲਿਆ ਉਹ ਅਨਦਿਨ ਕਰਤਾਰ ਦੇ ਰੰਗ ਵਿਚ ਵਿਸਮਾਦ ਹਾਲਤ ਵਿਚ, ਅਥਵਾ ਸਹਿਜ ਅਵਸਥਾ ਵਿਚ ਪਹੁੰਚ ਗਿਆ :-

ਗੁਰਮੁਖਿ ਸਚੀ ਆਸਕੀ,
ਜਿਤੁ ਪ੍ਰੀਤਮੁ ਸਚਾ ਪਾਈਐ।।
ਅਨਦਿਨੁ ਰਹਹਿ ਅਨੰਦਿ,
ਨਾਨਕ ਸਹਜਿ ਸਮਾਈਐ।। ੧੦।।

ਅੰਤ ਵਿਚ ਕੁਝ ਪ੍ਰਮਾਣ ਦਿਤੇ ਜਾਂਦੇ ਹਨ ਜਿਸ ਤੋਂ ਇਹ ਸਪਸ਼ਟ ਹੋ ਜਾਏਗਾ ਕਿ ਜਿਸ ਤਰੀਕੇ ਨਾਲ ਦੂਜੇ ਜੀਵ ਅਪਨੇ ਅਪਨੇ ਇਸ਼ਕ ਨਾਲ ਪਰੇਮ ਕਰਦੇ ਹਨ ਉਸੇ ਤਰੀਕੇ ਨਾਲ ਸਿਖ ਨੂੰ ਸਚਾ ਇਸ਼ਕ ਸਤਿਗੁਰ ਪ੍ਰਤਿ ਬਨਨਾ ਚਾਹੀਦਾ ਹੈ ਪ੍ਰਮਾਣ ਹੈ ......

ਸਲਿਲ ਨਿਵਾਸ ਜੈਸੇ, ਮੀਨ ਕੀ ਨ ਘਟੈ ਰੁਚਿ,
ਦੀਪਕ ਪ੍ਰਕਾਸ ਘਟੈ, ਪ੍ਰੀਤ ਨ ਪਤੰਗ ਕੀ।
ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕੌਂ,
ਉਡਤ ਅਨਾਸ ਆਸ, ਘਟੈ ਨ ਬਿਹੰਗ ਕੀ।।
ਘਟਾ ਘਨ ਘੋਰ ਮੋਰ, ਚਾਤ੍ਰਿਕ ਰਿਦੈ ਉਲਾਸ।।
ਨਾਦ ਬਾਦ ਸੁਨਿ ਰਤਿ, ਘਟੈ ਨ ਕੁਰੰਗ ਕੀ।।
ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ।।
ਘਟਤ ਨ ਤ੍ਰਿਸ਼ਨਾ ਪ੍ਰਬਲ ਅੰਗ ਅੰਗ ਕੀ।।

੨. ਲੈਲਾਂ ਮਜਨੂੰ ਆਸ਼ਕੀ ਚਹੁ ਚੱਕੀ ਜਾਤੀ।।
ਸੋਰਠ ਬੀਜਾ ਗਾਵੀਐ ਜਸ ਸੁਘੜਾਵਾਤੀ।।
ਸਸੀ ਪੁਨੂੰ ਦੋਸਤੀ ਹਸਇ ਜਾਤਿ ਅਜਾਤੀ।।
ਮਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ।।
ਪੀਰ ਮੁਰੀਦਾਂ ਪਿਰਹੜੀ ਗਾਵਨ ਪ੍ਰਭਾਤੀ।।੧।।

੩. ਚੰਦ ਚਕੋਰ ਪ੍ਰੀਤਿ ਹੈ ਲਾਇਤਾਰ ਨਿਹਾਲੇ।।
ਚਕਵੀ ਸੂਰਜ ਹੇਤ ਹੈ ਮਿਲ ਹੋਨ ਸਖਾਲੈ।।
ਨੇਹੁੰ ਕਵਲ ਜਲ ਜਾਣੀਐ ਖਿੜ ਮੂੰਹ ਵੇਖਾਲੇ।।
ਮੋਰ ਬੰਬੀਹੇ ਬੋਲਦੇ ਵੇਖ ਬਦਲ ਕਾਲੇ।।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।।
ਪੀਰ ਮੁਰੀਦਾਂ ਪਿਰਹੜੀ ਓਹ ਨਿਬਹੇ ਨਾਲੇ।।੪।।

੪. ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ।।
ਮਿਲੈ ਪਿਆਰੇ ਸਭ ਦੁਖ ਤਿਆਗੈ।।
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ।।੨।।
ਬਛਰੇ ਪ੍ਰੀਤਿ ਖੀਰੁ ਮੁਖਿ ਖਾਇ।।
ਹਿਰਦੈ ਬਿਗਸੈ ਦੇਖੈ ਮਾਇ।।
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ।।੩।।
ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ।।
ਬਿਨਸਿ ਜਾਇ ਕੂਰਾ ਕਚੁ ਪਾਚਾ।।
ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ।।੪।।
ਤਾਂ ਤੇ ਹੋਰ ਸਭ ਪ੍ਰੀਤਿ ਮਾਇਆ ਮੋਹ ਕਾਚਾ।।

ਮਹਾਂਵਾਕ ਅਨੁਸਾਰ ਹਰ ਇਕ ਪ੍ਰਾਣੀ ਨੂੰ ਸਚਾ ਪਰੇਮ ਉਸ ਪ੍ਰਭੂ ਨਾਲ ਕਰਨਾ ਚਾਹੀਦਾ ਹੈ ਜਿਸ ਪਰੇਮ ਦੇ ਕਰਨ ਨਾਲ ਫਿਰ ਪ੍ਰਾਣੀ ਆਪਣੇ ਨਿਜ ਆਤਮਾ ਦੀ ਲਖਤਾ ਪ੍ਰਾਪਤ ਕਰਕੇ ਉਸ ਪਰਿ ਪੂਰਨ ਪ੍ਰਮਾਤਮਾ ਨਾਲ ਅਭੇਤ ਹੋ ਜਾਂਦਾ ਹੈ।।

———

(ਪੰਨਾ ੧੯ ਦਾ ਬਾਕੀ ...)

ਵਿਚ ਇਕ ਨਵੀਂ ਜਿੰਦ-ਜਾਨ ਬਖਸ਼ਣ ਲਈ ਹਿੰਦੂ ਇਤਿਹਾਸ ਤੋਂ ਕੁਝ ਸਾਮਗ੍ਰੀ ਲੈਕੇ ਸਾਹਿਤ ਰਚਨਾ ਕੀਤੀ, ਜਿਵੇਂ ਚੰਡੀ ਚਰਿਤ੍ਰ-੧ ਚੰਡੀ ਚਰਿਤ੍ਰ-੨, ਚੰਡੀ ਦੀ ਵਾਰ ਆਦਿ। ਆਪ ਜੀ ਨੇ ਆਪਣੇ ਬੰਵਜਾਂ ਕਵੀਆਂ ਪਾਸੋਂ ਹਨੂ ਨਾਟਕ ਤੇ ਚੌਵੀ ਅਵਤਾਰਾਂ ਉਪਰ ਸਾਹਿਤ ਲਿਖਵਾਇਆ। ਇਸ ਸਾਹਿਤ ਵਿਚ ਅਵਤਾਰ ਵਾਦ ਦੀ ਝਲਕ ਨਜ਼ਰ ਆਉਂਦੀ ਹੈ। ਇਥੇ ਗੁਰੂ ਜੀ ਨੇ ਅਵਤਾਰਾਂ ਦੀ ਉਪਾਸ਼ਨਾ ਉਪਰ ਬਲ ਨਹੀਂ ਦਿਤਾ, ਸਗੋਂ ਲੋਕਾਂ ਨੂੰ ਉਨਾਂ ਦੇ ਬੁਜ਼ਰਗਾਂ ਦੇ ਕਾਰਨਾਮੇ ਦਸਕੇ ਇਕ ਨਵਾਂ ਜੋਸ਼ ਅਤੇ ਉਤਸ਼ਾਹ ਭਰਿਆ ਹੈ ਅਤੇ ਉਨ੍ਹਾਂ ਨੂੰ ਵੰਗਾਰਿਆ ਤੇ ਲਲਕਾਰਿਆ ਹੈ, ਕਿ ਉਹ ਦਾਸਤਾ ਦੀਆਂ ਕੈਦਾਂ ਨੂੰ ਤੋੜਨ ਲਈ ਤਿਆਰ ਹੋ ਜਾਣ। ਇਤਿਹਾਸ ਵਿਚ ਇਕ ਹੋਰ ਜ਼ਿਕਰ ਮਿਲਦਾ ਹੈ ਜਿਸ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਦੇਵੀ ਦਾ ਹਵਨ ਕੀਤਾ ਸੀ। ਜਿਸ ਵਿਚ ਬਹੁਤ ਸਾਰਾ ਖਰਚ ਕੀਤਾ ਗਿਆ ਦੇਵੀ ਪ੍ਰਗਟ ਹੋਈ ਤੇ ਉਸ ਨੇ ਗੁਰੂ ਜੀ ਨੂੰ ਤਲਵਾਰ ਬਖਸ਼ੀ। ਇਸ ਵਿਚਾਰ ਧਾਰਾ ਤੋਂ ਇਹ ਸਿੱਧ ਹੁੰਦਾ ਹੈ ਕਿ ਕਲਗੀਧਰ ਸ਼ਾਇਦ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਦੀ ਉਲੰਘਣਾ ਕਰਦੇ ਹੋਏ, ਸ਼ਕਤੀ ਦੇ ਪੁਜਾਰੀ ਸਨ। ਵਾਸਤਵ ਵਿਚ ਇਹ ਸਭ ਭ੍ਰਾਤੀਆਂ ਵਹਿਮ ਅਤੇ ਭਰਮ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਨਾਨਕ ਹੀ ਸਨ, ਅਤੇ ਇਹ ਤਦ ਹੀ ਹੋ ਸਕਦਾ ਸੀ, ਜੇ ਉਹ ਆਪਣੇ ਬਧੇ ਅਸੂਲਾਂ, ਸਿਧਾਤਾਂ ਉਪਰ ਚਲਦੇ। ਕਲਗੀਧਰ ਬਿਲਕੁਲ ਉਨਾਂ ਹੀ ਨਿਯਮਾਂ ਉਪਰ ਚਲਦੇ ਰਹੇ, ਜਿਨਾਂ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਇਸ ਲਈ ਦੇਵੀ ਪਰਗਟ ਕਰਾਉਣੀ ਇਕ ਮਨ-ਘੜਤ ਲੋਕ ਕਥਾ ਜਾਪਦੀ ਹੈ।


www.AKJ.Org

# ਦਾੜ੍ਹੀ ਦੀ ਮਹੱਤਤਾ

(ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍।।
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍।।
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍।।੫੨।।
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ।।
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ।।
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ।।
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ।।
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ।।
ਨਾਨਕਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ।।੫੩।।

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪਸ਼ਟ ਭਾਵ ਇਹ ਹੈ ਕਿ ਸੋਈ ਬੀਬੀਆਂ ਗੁਰਮੁਖ ਸਚੀਆਂ ਦਾੜ੍ਹੀਆਂ ਸਚੀਆਂ ਅਤੇ ਸੁਚੀਆਂ ਦਾੜ੍ਹੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ। ਸੋਈ ਸਿਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ ਸਚੇ ਗੁਰਮੁਖ ਜਨ ਹਨ। ਸੋ ਗੁਰ ਚਰਨੀ ਲਗਣ ਸਮੇਂ ਤਿਨ੍ਹਾਂ ਦੀਆਂ ਗੁਰਮੁਖੀ ਸਿਧੀਆਂ ਦਾੜ੍ਹੀਆਂ ਹੀ ਸੁਤੇ ਸੁਭਾ ਗੁਰਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਨੇ ਗੁਰ ਚਰਨੀ ਕੀ ਲਗਣਾ ਸੀ ? ਮੁੰਨੀਆਂ ਮੁੜ ਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ ਤਾਂ ਤਿਨਾਂ ਦੀਆਂ ਮੁਨੀਆਂ ਮੁੜਚੰਨੀਆਂ ਦਾੜ੍ਹੀਆਂ ਗੁਰ ਚਰਨੀ ਲਗਣੋਂ ਐਵੇਂ ਰਹਿ ਜਾਂਦੀਆਂ ਹਨ। ਅਜ ਕਲ ਇਹ ਫੈਸ਼ਨ ਹੋ ਗਿਆ ਹੈ ਕਿ ਜਿਤਨੇ ਭੀ ਸਿਖ ਦੇਖੀਦੇ ਹਨ ਸਭ ਦੀਆਂ ਇਕਦੂ ਦਾੜ੍ਹੀਆਂ ਵਾਢਿਓ ਮਰੋੜ ਤੋੜਕੇ ਚਾੜ੍ਹੀਆਂ ਹੁੰਦੀਆਂ ਹਨ। ਕਈ ਤਾਂ ਦਾੜ੍ਹੀਆਂ ਚਪਕਾਕੇ ਐਸੀਆਂ ਚਾੜ੍ਹਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ। ਅਗੇ ਤਾਂ ਕੇਵਲ ਫੌਜੀ ਸਿਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਹੁਣ ਤਾਂ ਹਰ ਇਕ ਮਹਿਕਮੇ ਦੇ ਸਿਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ। ਗੁਰਦੁਵਾਰੇ ਵਿਚ ਭੀ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਚੜ੍ਹੀਆਂ ਦਾੜ੍ਹੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ। ਹਿੰਦੂਆਂ ਦੀ ਦੇਖਾ ਦੇਖੀ ਰੀਸੋ ਕੁਰੀਸੋ ਪੈ ਰਹੇ ਹਨ।

ਦਿਲੋਂ ਤਾਂ ਇਹੋ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ ? ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹੌਂਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫਸਰਾਂ ਨੂੰ ਖੁਸ਼ ਕਰਦੇ ਰਹਿਣ ਪਰ ਉਹ ਖੁਸ਼ ਫੇਰ ਭੀ ਨਹੀਂ ਹੁੰਦੇ। ਉਹ ਆਨਮਤੀ ਲੋਗ ਤਾਂ ਇਸ ਗਲ ਵਿਚ ਖੁਸ਼ ਹਨ ਕਿ ਸਿਖ ਭੀ ਸਾਰੇ ਉਹਨਾਂ ਵਾਂਗ ਮੋਨੇ ਹੋ ਜਾਣ। ਸਵਾਰਥੀ ਸਿਖ ਜਾਹੋ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ ਪਰ ਦਾੜ੍ਹੀ ਮੁੜ ਚੁੰਨ ਕੇ ਮਰੋੜ ਤੋੜ ਕੇ ਚੜ੍ਹਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ ਪਸਿੰਦ ਖੁ ਨੂਦੀ ਲੈਂਦੇ ਹਨ। ਇਹ ਸਵਾਰਥ ਪਸਿੰਦ ਸਿਖਾਂ ਦੀ ਕਿਸੇ ਕੰਮ ਭੀ ਨਹੀਂ ਆਉਣੀ ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ। ਸਵਾਰਥ ਪਸਿੰਦ ਵਿਗੜੇ ਹੋਏ ਸਿਖ ਅਗੋਂ ਇਹ ਹੁੱਜਤ ਭੇੜਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ ਪਰਮਾਰਥ ਦਾ ਸਨਬੰਧ ਤਾਂ ਮਨ ਦੇ ਨਾਲ ਹੈ। ਇਹੋ ਦਾੜ੍ਹੀ ਮੁੰਨੇ ਭੇੜਿਆ ਕਰਦੇ ਹਨ ਤਾਂ ਅਸੀਂ ਉਹਨਾਂ ਦਾੜ੍ਹੀ ਮੁੰਨਿਆਂ ਨੂੰ ਤਾਂ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ :-

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ।।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ।।੧੦੧।।

ਤਿਸ ਪਰ ਮੂੰਹ ਸਿਰ ਮੁਨਣ ਹਾਰਿਆਂ ਨੂੰ ਹੋਰ ਤਾਂ ਉਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ ਲੈਂਦੇ ਹਨ-

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ।।(੨੫)

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ ਹੀ ਨਹੀਂ। ਤਤ ਭਾਵ ਇਹ ਹੈ ਲਾਂਬੇ ਕੇਸ ਕਰਨ ਦਾ ਜੋ ਜਟਾਧਾਰੀ ਆਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟ) ਤੌਰ ਪਰ ਜਟਾਂ ਵਧਾਉਂਦੇ ਹਨ ਉਹਨਾਂ ਜਟਾ ਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਣ ਕੀਤਾ ਗਿਆ ਹੈ ਅਤੇ ਇਹ ਗਲ ਸਪਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮਨਾਉਣ ਵਾਲੀਆਂ ਦੋਵਾਂ ਵਾਦੀਆਂ ਨੂੰ ਛਡ ਦਿਓ। ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ। ਉਵੇਂ ਅਤੇ ਓਥੇ ਹੀ ਉਨ੍ਹਾਂ ਨੂੰ ਰਹਿਣ ਦਿਓ। ਅਗਾਸਤਨ ਪੈਰਾਸਤਨ ਦੋਈ ਵਾਦੀਆਂ ਗੁਰਮਤਿ ਅੰਦਰ ਮਸਨੂਹ ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਮਨੁਸ਼ਾਂ ਦੇ ਮੂੰਹ ਨੂੰ ਤਾਂ ਜਿੰਦੇ ਲਗ ਜਾਂਦੇ ਹਨ ਤੇ ਉਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜ੍ਹਨ ਵਾਲੇ ਭਰਾ ਖਾਸ ਕਰ


www.AKJ.Org

ਠੇਡੀ ਦੀ ਗਲੂੰਡੀ ਕਰਕੇ ਰਖਣ ਹਾਰੇ ਮਨ ਹੁਜਤੀ ਸਿਖ ਭਾਈ ਕੇਵਲ ਏਹੋ ਹੁਜਤ ਅਗੋਂ ਡਾਹਿਆ ਕਰਦੇ ਹਨ ਕਿ ਦੇਖੋ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦੇ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕੇਹੜਾ ਲੋਹੜਾ ਆ ਗਿਆ ਇਸ ਦਾ ਉਤਰ ਏਤਨਾ ਕਾਫੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜਾਈ ਰਹਿਤ ਬਹਿਤ ਨੂੰ ਪਹਿਲੋਂ ਮੁਖ ਰਖਣਾ ਹੈ ਤੇ ਉਹਨਾਂ ਦੇ ਉਚਾਰੇ ਸ੍ਰੀ ਮੁਖਵਾਕ ਭੀ ਪਾਲਣੇ ਹਨ। ਐਸਾ ਕਿ ਮਹਾਂਵਾਕ ਹੈ :-

"ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰ ਬਾਂਧਈ'

ਸੀਸ ਉਤੇ ਚੁਣ ਕੇ ਦਸਤਾਰ ਤਦੇ ਸਜਾਈ ਜਾ ਸਕਦੀ ਹੈ ਕਿ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵੇ ਪਰੰਤੂ ਦਾੜ੍ਹੀ ਚਪਕੌਣ ਮਰੋੜਨ ਮਚਕੋੜਨ ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹਕੇ ਜਾਂ ਜਾਲੀ ਬੰਨ੍ਹ ਕੇ ਦੀਵਾਨ ਵਿਚ ਔਣਾ ਹੋਰ ਭੀ ਭੈੜੀ ਮਨਮਤਿ ਹੈ। ਫੌਜ ਵਿਚ ਭੀ ਪੱਕੀ ਰਹਿਤ ਰਹਿਣੀ ਰਹਿਣ ਵਾਲੇ ਕਈ ਇਕ ਸ਼ਰਧਾਲੂ ਸਿਖ ਵੇਖਣ ਵਿਚ ਆਏ ਹਨ ਕਿ ਉਹ ਸਾਰੀ ਸਾਰੀ ਉਮਰ ਫੌਜ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ। ਫੌਜੀ ਸਿੰਘਾਂ ਲਈ ਇਹ ਕਾਨੂੰਨ ਮੰਨ ਲੈਣਾ ਭੀ ਮਹਾਂ ਮਨਮਤ ਹੈ ਕਿ ਫੌਜੀ ਸਿੰਘਾਂ ਲਈ ਦਾੜ੍ਹੀ ਚਾੜ੍ਹਨੀ ਜ਼ਰੂਰੀ ਹੈ। ਐਸਾ ਮੰਨ ਲੈਣਾ ਮਹਾਂ ਕਮਜ਼ੋਰੀ ਹੈ। ਕਮਜ਼ੋਰੀ ਐਸੀ ਵਾਪਰ ਗਈ ਹੈ ਕਿ ਫੌਜੀ ਸਿੰਘਾਂ ਦੀ ਵੇਖੋ ਵੇਖੀ ਦੂਜੇ ਮਹਿਕਮਿਆਂ ਦੇ ਸਿੱਖ ਭੀ ਬੇਦਰੇਗ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਝੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜੇਹੇ ਸਮੂਹ ਮੁਲਾਜ਼ਮ ਸਿੱਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆਂ ਨਰੜ ਕੇ ਆਉਂਦੇ ਹਨ। ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫਖਰ ਸਮਝਿਆ ਜਾਂਦਾ ਹੈ। ਤੁਸੀਂ ਅਜ ਕਲ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜੇਹੇ ਵਿਰਲੇ ਵਾਂਝੇ ਸਿਖ ਹੀ ਹੁੰਦੇ ਹਨ ਕਿ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣਗੇ। ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣ ਤੋਂ ਕਦੇ ਭੀ ਨਹੀਂ ਝਿਜਕਣਗੇ ਦਾੜ੍ਹੀ ਨਰੜਨ ਵਾਲੇ ਨਾਮ ਧਰੀਕ ਸਿਖਾਂ ਨੂੰ ਆਪਣੀ ਨਾਮ ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾ ਮੁਖ ਜਾਪਦਾ ਹੈ। ਸਚੀ ਸਰਕਾਰ ਦੇ ਸਚੇ ਹੁਕਮ ਨੂੰ ਤਾਂ ਹੀ ਤੇ ਉਹ ਪਿਠ ਦੇਈ ਫਿਰਦੇ ਹਨ। ਸਾਨੂੰ ਖਤਰਾ ਹੈ ਕਿ ਕਈ ਸਵਾਰਥੀ ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅਜ ਕਲ ਨਾਸਤਕ ਲਹਿਰ ਵਿਚ ਰੁੜ੍ਹਕੇ ਨਿਰ ਨਾਸਤਕ ਹੀ ਨਾ ਬਣ ਬੈਠਨ। ਕਿਤੇ ਦਾੜ੍ਹੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ ਜੈਸਾ ਕਿ ਅਨੇਕਾ ਅਹੁਦੇ ਦੇ ਗਾਹਕ ਮੁਲਾਜ਼ਮਾਂ ਸਰਕਾਰੀ ਅਫਸਰਾਂ ਖਾਸ ਕਰ ਫੌਜੀ ਅਹੁਦੇਦਾਰਾਂ ਪ੍ਰਥਾਇ ਸੁਣਿਆ ਗਿਆ ਹੈ ਕਿ ਉਹ ਕੂੜਾਵੇ ਹੁੰਦਿਆਂ ਦੀ ਖਾਤਰ ਦਾੜ੍ਹੀ ਕੇਸ ਮੁਨਾਈ ਫਿਰਦੇ ਹਨ। ਕੂੜਾਵੀਆਂ ਕਪਤਾਨੀਆਂ, ਕਰਨੈਲੀਆਂ ,ਜਰਨੈਲੀਆਂ ਉਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ ਐਥੇ ਹੀ ਰਹਿ ਜਾਣਗੀਆਂ। ਗੁਰੂ ਕੀ ਦਰਗਾਹ ਵਿਚ ਉਹਨਾਂ ਨੂੰ ਐਸੇ ਧਕੇ ਪੈਣਗੇ ਕਿ ਕਿਸੇ ਕੂੜਾਈ ਸਰਕਾਰ ਦੀਆਂ ਅਫਸਰਾਂ ਨੇ ਕੰਮ ਨਹੀਂ ਸਾਰਨਾ, ਪਛਤੌਣਾ ਹੀ ਪਛਤੌਣਾ ਰਹਿ ਜਾਵੇਗਾ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜ੍ਹੀ ਚਾੜ੍ਹਨ ਹਾਰੇ ਸਿਖਾਂ ਦਾ ਸੁਪਨ ਮਾਤਰ ਵਿਚ ਵੀ ਐਸਾ ਖਿਆਲ ਹੈ। ਬਲਕਿ ਉਹਨਾਂ ਨੂੰ ਦਾੜ੍ਹੀ ਕੇਸਾਂ ਦੀ ਰਖਿਆ ਦਾ ਪੱਕਾ ਯਕੀਨ ਹੈ, ਉਹਨਾਂ ਨੂੰ ਦਾੜ੍ਹੀ ਮਰੋੜਨ ਮਚਕੋੜਨ ਦਾ ਦੇਖਾ ਦੇਖੀ ਰਿਵਾਜ ਪਿਆ ਹੋਇਆ ਹੈ। ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋਂ ਦਿਨ ਵਧਦਾ ਹੀ ਜਾਂਦਾ ਹੈ ਏਥੋਂ ਤਾਈਂ ਕਿ ਕਿਸੇ ਭੀ ਮਹਿਕਮੇ ਦਾ ਕੋਈ ਐਸਾ ਨਜ਼ਰ ਨਹੀਂ ਆਉਂਦਾ ਜੋ ਕਿ ਦਾੜ੍ਹੀ ਨਾ ਨਰੜਦਾ ਹੋਵੇ। ਸਾਨੂੰ ਬੜੇ ਅਫਸੋਸ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਜੋ ਆਪਣੀਆਂ ਜਨਾਨੀਆਂ ਨੂੰ ਆਪਣੇ ਪਤੀਆਂ ਦੀਆਂ ਚੜ੍ਹੀਆਂ ਦਾੜ੍ਹੀਆਂ ਹੀ ਚੰਗੀਆਂ ਲਗਦੀਆਂ ਹਨ।

ਜਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁਛਿਆ ਗਿਆ ਕਿ ਤੁਸੀਂ ਅਪਣੀਆਂ ਜਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉਂਦੇ। ਤਾਂ ਓਹਨਾਂ ਨੇ ਸਪਸ਼ਟ ਉਤਰ ਦਿਤਾ ਕਿ ਉਹਨਾਂ ਦੀਆਂ ਜਨਾਨੀਆਂ ਇਹ ਚਾਹੁੰਦੀਆਂ ਹਨ ਕਿ ਕਾਲੇ ਵਾਲਾਂ ਨੂੰ ਘਰੜ ਮੁਨਾ ਦੇਣ ਤਾਂ ਅਸੀਂ ਓਹਨਾਂ ਦੇ ਵਸਾਂਗੀਆਂ, ਪਰੰਤੂ ਤਿਨਾਂ ਸਿਦਕੀ ਸਿੰਘਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕਿ ਆਪਣੀਆਂ ਕੁਵੱਲੀਆਂ (ਬੇਧਿਆਂ) ਇਸਤਰੀਆਂ ਦੇ ਗੁਰਮਤਿ ਹੀਣੇ ਤੇ ਮਨਮਤ ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ। ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ

ਨੇ ਆਪਣੇ ਕਾਲੇ ਵਾਲ ਪੁਟ ਕੇ ਸਾਫ ਕਰ ਛਡੇ ਸਨ। ਕਈ ਨਾਮ ਧ੍ਰੀਕ ਸਿਖ ਸਿਖਣੀਆਂ ਇੰਦਰ ਬਾਗ ਵਾਲੇ ਰੋਮਾਂ ਨੂੰ ਉਡਾ ਦੇਣਾ ਅਤੇ ਘਰੜ ਮੁਨਾ ਦੇਣਾ ਮਨਮਤ ਹੀ ਨਹੀਂ ਸਮਝਦੇ। ਜੋ ਕੱਚ ਘਰੜ ਸਿਖ ਕੇਵਲ ਮਨਮੰਨੀ ਸਰੀਰਕ ਸੁਹੱਪਣ ਖਾਤਰ ਦਾੜ੍ਹੀਆਂ ਦੀ ਬੇਅਦਬੀ ਕਰਦੇ ਹਨ, ਉਹ ਮਹਾਂ ਮਨ ਮਤੀਏ ਹਨ *ਦਾੜ੍ਹੀਆਂ ਸੋਹਣੀਆਂ ਲਗਣ ਲਈ ਚੜਾਉਣਾ ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ।*

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ।
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆਂ ਮੁੰਨਣ ਵਾਲੇ ਪਰਾਣੀ ਵਾਹਿਗੁਰੂ ਦਾ ਭਾਣਾ ਛਡਕੇ ਨਿਰਾ ਆਪਣੇ ਮਨ ਦਾ ਮਤਾ ਮੰਨ ਕੇ ਚਲਣ ਹਾਰੇ ਮਨਮੁਖ ਵਿਛੜਿ ਚੋਟਾਂ ਖਾਵਣ ਹਾਰ ਪਰਾਣੀ ਹਨ। ਜੋ ਸਚਿਆਰ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜ੍ਹੀਆਂ ਕੇਸਾਂ ਦਾ ਮੁੰਡਣ ਨਹੀਂ ਕਰਾਉਂਦੇ।

ਓਹੀ ਗੁਰੂ ਕੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ। ਖਿਨ ਖਿਨ ਸਵਾਸਿ ਸਵਾਸਿ ਨਾਮ ਅਭਿਆਸ ਸਿਮਰਨ ਕਰਨਾ ਖਾਸ ਮਖਸੂਸੀ ਗੁਰੂ ਵਾਹਿਗੁਰੂ ਨੂੰ ਦਿਨੋ ਰਾਤਿ ਸੇਵਨਾ ਹੈ। ਇਸ ਪਰਕਾਰ ਸੇਵਨ ਹਾਰ ਗੁਰੂ ਕੇ ਸਿਖ ਦਿਨੋ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ। ਸਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ ਹੀ ਸੋਹਣੇ ਮੁਖੜੇ ਵਾਲੇ ਹਨ, ਅਜੇ ਹੇ ਗੁਰੂ ਕੇ ਲਾਲ ਸਚੇ ਵਾਹਿਗੁਰੂ ਦੀ ਦਰਗਾਹ ਵਿਖੇ ਪਰਗਟ ਪਹਾਰੇ ਗੁਰਮੁਖ ਜਾਪਦੇ ਹਨ। ਉਹਨਾਂ ਦੇ ਚੇ ਹਰੇ ਉਤੇ ਸਚੀਆਂ ਗੁਰਮੁਖੀ ਦਾੜ੍ਹੀਆਂ ਸੋਹਿੰਦੀਆਂ ਹਨ ਅਤੇ ਮੁਖੋਂ ਸਚੇ ਵਾਹਿਗੁਰੂ ਦਾ ਸਚਾ ਨਾਮੁ ਖਿਨੁ ਖਿਨੁ ਉਚਾਰਨ ਕਰਦੇ ਰਹਿੰਦੇ ਹਨ। ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵ੍ਰਿਚੋਂ ਸਚੇ ਨਾਮ ਦਾ ਅਕਸੀਰ ਰਸੈਣੀ ਸਿਮਰਨ ਵੀ ਸਵਾਸਿ ਸਵਾਸਿ ਉਚਾਰਨ ਹੁੰਦਾ ਰਹਿੰਦਾ ਹੈ। ਉਹ ਹਰ ਦਮ ਸਚੇ ਨਾਮ ਦੀਆਂ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ। ਉਹਨਾਂ ਦੇ ਹਿਰਦੇ ਅੰਦਿਰ ਗੁਰਮਤਿ ਰੁਪੀ ਸਚਾ ਵਾਹਿਗੁਰੂ ਸ਼ਬਦ ਹੀ ਵਸਿਆ ਰਹਿੰਦਾ ਹੈ। ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ ਅੰਦਰਿ ਰਸੇ ਰਹਿਣ ਕਰਕੇ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸਚੇ ਸਰੂਪ ਵਿਖੇ ਹੀ ਸਮਾਏ ਰਹਿੰਦੇ ਹਨ। ਸਚੇ ਨਾਮ ਦੀ ਪੂੰਜੀ ਦੇ ਸਚੇ ਗਾਹਕ ਹੋਣ ਕਰਕੇ ਉਹ ਸਚੀ ਰਾਸੀ ਵਾਲੇ ਸਦਾਉਂਦੇ ਹਨ, ਸਚਾ ਨਾਮ ਰੂਪੀ ਧਨ ਹੀ ਉਹਨਾਂ ਦੇ ਪਲੇ ਪਿਆ ਰਹਿੰਦਾ ਹੈ। ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖ ਜਨ ਉਤਮ ਪਦਵੀ ਪਾਉਣ ਵਾਲੇ ਹਨ। ਉਹਨਾਂ ਦੇ ਸਰਵਣ (ਕੰਨਾਂ) ਅੰਦਰਿ ਸਚੇ ਨਾਮ ਦੀ ਧੁਨੀ ਹੀ ਖਿਨ ਖਿਨ ਪੈਂਦੀ ਸੁਣਾਈ ਦੇਂਦੀ ਹੈ ਕਿਉਂਕਿ ਮਨ ਬਚਨ ਕਰਮ ਕਰਕੇ ਉਹਨਾਂ ਦੀ ਸਰਧਾ ਅੰਤਰੀਵੀ ਸਿਦਕ ਭਾਵਣੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ। ਇਸ ਕਰਕੇ ਉਹ ਨਾਮ ਜਪਣ ਵਾਲੀ ਹੀ ਸਚੀ ਕਾਰ ਕਮੌਂਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸਚੀ ਦਰਗਾਹ ਵਿਚ ਸਸ਼ੋਭਤ ਹੋਣਾ ਸੋਹੰਦਾ ਹੈ ਅਤੇ ਸਚੇ ਵਾਹਿਗੁਰੂ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ, ਜਨਾਂ ਦੀ ਹੀ ਸਮਾਈ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਚੇ ਸਤਿਗੁਰੂ ਬਾਝੋਂ ਅਜੇਹਾ ਸਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ ਜੋ ਮਨਮੁਖ ਲੋਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਵਿਦਤਾਏ ਹੁਕਮਾਂ ਤੋਂ ਮੁਨਹਰਫ ਰਹਿੰਦੇ ਹਨ, ਉਹ ਸਦਾ ਹੀ ਭਰਮ ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ ਭੁਲੇ ਹੀ ਚਲੇ ਜਾਂਦੇ ਹਨ।

ਏਹ ਇਬਾਰਤ ਉਪਰਲੇ ਮੁਢ ਵਿਚ ਦਿਤੇ ਗੁਰ ਸ਼ਬਦ ਦੀ ਤੱਤ ਵਿਆਖਿਆ ਹੈ। ਸਾਰੇ ਸ਼ਬਦ ਦਾ ਭਾਵ ਏਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜੀਆਂ ਵਾਲੇ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫਲ ਹੁੰਦੀ ਹੈ। ਉਹੀ ਲੋਕ ਪਰਲੋਕ ਵਿਚ ਸੁਰਖਰੂ ਹੋ ਸਕਦੇ ਹਨ।

## ੨. ਦਾੜ੍ਹੇ ਦੀ ਬੇਅਦਬੀ ਦੇ ਕਾਰਨ :-

ਤੱਤ ਗੁਰਮਤ ਤੋਂ ਗੁਮਰਾਹ ਜੋ ਸੁਆਰਥੀ ਕਾਰਜ ਦੀ ਕਨੌਂਡ ਕਰਕੇ ਆਪਣੀਆਂ ਦਾੜੀਆਂ ਮਰੋੜਦੇ ਮਚਕੋੜਦੇ ਹਨ ਓਹਨਾਂ ਬਾਰੇ ਭਾਰੀ ਖਤਰਾ ਹੈ ਕਿ ਕਿਸੇ ਦਿਨ ਚੱਟਮ ਦਾੜੀਆਂ ਕਰਕੇ ਗੁਰ ਸਿੱਖੀ ਤੋਂ ਪਤਿਤ ਅਤੇ ਮੁਨਹਰਫ ਹੀ ਨਾ ਹੋ ਬੈਠਣ। ਅਜੇਹੇ ਸੁਆਰਥੀ ਕੰਮ ਕੱਢੂ ਦਾੜੀ ਮਰੋੜਾਂ ਮਚਕੋੜਾਂ ਨੂੰ ਨੰਬਰਵਾਰ ਹੇਠ ਲਿਖੇ ਅਨੁਸਾਰ ਵਖੋ ਵਖ ਸ਼ਰੇਣੀਆਂ ਵਿਚ ਵਰਣਨ ਕੀਤਾ ਜਾਂਦਾ ਹੈ :-

੧ ਸਭ ਤੋਂ ਪਹਿਲੇ ਉਹਨਾਂ ਭੇਖੀਆਂ ਦਾ ਜ਼ਿਕਰ ਕਰਨਾ ਅਹਿਮ ਜ਼ਰੂਰੀ ਹੈ ਜੋ ਵਿਆਹ (ਸ਼ਾਦੀ) ਕਰਾਉਣ ਦੀ



www.AKJ.Org

ਖਾਤਰ ਦਾੜੀਆਂ ਚਾੜਦੇ ਹਨ। ਉਹਨਾਂ ਦੇ ਖਿਆਲ ਵਿਚ ਇਹ ਗਲ ਜੰਮੀ ਹੋਈ ਹੈ ਕਿ ਦਾੜੀ ਚਾੜ੍ਹੇ ਬਿਨਾਂ ਵਿਆਹ ਮੰਗਣੀ ਹੁੰਦੀ ਹੀ ਨਹੀਂ। ਕਈ ਇਕ ਐਸੇ ਭੇਖੀ ਦੇਖੇ ਹਨ ਜਿਨ੍ਹਾਂ ਨੂੰ ਏਸੇ ਵਿਆਹ ਵਾਲੀ ਕਨੋਡ ਨਮਿਤ ਦਾੜੀ ਚਾੜ੍ਹਦਿਆਂ ਸਾਲਾਂ ਦੇ ਸਾਲ ਗੁਜ਼ਰ ਗਏ, ਪਰ ਮੰਗਣੀ ਵਿਆਹ ਉਹਨਾਂ ਦੀਆਂ ਬੰਨ੍ਹੀਆਂ ਦਾੜ੍ਹੀਆਂ ਹੋਰ ਭੀ ਲੰਬੀਆਂ ਹੋ ਗਈਆਂ ਉਹ ਵਿਚਾਰੇ ਕਰਨ ਤਾਂ ਕੀ ਕਰਨ। ਜਿਥੇ ਲੰਬੀ ਦਾੜ੍ਹੀ ਹੋਣ ਦੇ ਖਤਰੇ ਕਰਕੇ ਉਹਨਾਂ ਦਾੜ੍ਹੀਆਂ ਚਾੜ੍ਹਨੀਆਂ ਸ਼ੁਰੂ ਕੀਤੀਆਂ ਸੀ ਉਹ ਖਤਰਾ ਉਹਨਾਂ ਦੇ ਐਸਾ ਦਰਪੇਸ਼ ਆਇਆ ਕਿ ਦਾੜ੍ਹੀਆਂ ਉਹਨਾਂ ਦੀਆਂ ਅਗੇ ਨਾਲੋਂ ਭੀ ਲੰਮੀਆਂ ਹੋ ਗਈਆਂ ਕਿਉਂਕਿ ਸੰਵਾਰਨ ਸ਼ਿੰਗਾਰਨ ਦੀ ਕੁਮਤੜੀ ਵਿਚ ਹੀ ਪਏ ਰਹਿੰਦੇ ਹਨ। ਕਈਆਂ ਦੇ ਹੀਰੇ (ਧੌਲੇ) ਭੀ ਦਾੜ੍ਹੀ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਚੁਗਣ ਚੁਣਨ ਤੋਂ ਭੀ ਉਹ ਭੈ ਨਹੀਂ ਖਾਂਦੇ। ਕਈ ਤਾਂ ਮੂੰਹ ਉਤੇ ਗੋਹਾ (ਵਸਮਾਂ) ਲਾ ਲੈਂਦੇ ਹਨ, ਤਾਕਿ ਉਹ ਮੁੰਡੇ ਹੀ ਪ੍ਰਤੀਤ ਹੋਣ ਤੇ ਕਿਸੇ ਦੀ ਕੁੜੀ ਉਹਨਾਂ ਦੇ ਜਾਲ ਵਿਚ ਫਸ ਜਾਵੇ। ਜਿਨ੍ਹਾਂ ਨੂੰ ਸਤਿਗੁਰੂ ਨੇ ਸਰਧਾ ਸਿਦਕ ਭਾਵਨੀ ਦਿਤੀ ਹੋਈ ਹੈ, ਉਹ ਕਦੇ ਵੀ ਇਹਨਾਂ ਕੁਬਿਧਤਾਂ ਵਿਚ ਨਹੀਂ ਪੈਂਦੇ।

ਸਾਨੂੰ ਇਥੇ ਇਕ ਸਿਦਕੀ ਸਰਧਾਵਾਨ ਸਿੰਘ ਦੀ ਉਦਾਹਰਨ ਚੇਤੇ ਆਈ ਹੈ, ਜਿਸ ਦਾ ਇੰਨ ਬਿੰਨ ਏਥੇ ਲਿਖਣਾ ਪਰਮ ਜ਼ਰੂਰੀ ਭਾਸਦਾ ਹੈ। ਇਕ ਗੁਰੂ ਕੀ ਰਹਿਤ ਰਹਿਣੀ ਬਹਿਣੀ ਵਾਲੇ ਸਿਦਕੀ ਸਿੰਘ ਪਰਮ ਸ਼ਰਧਾਵਾਨ ਦੇ ਘਰੋਂ ਸਿੰਘਣੀ ਗੁਜ਼ਰ ਗਈ। ਉਸ ਨੂੰ ਉਸ ਦੇ ਸਬੰਧੀਆਂ ਨੇ ਪਰੇਰ ਕੇ ਦੂਜੀ ਸ਼ਾਦੀ ਲਈ ਉਭਾਰ ਲਿਆ ਅਤੇ ਨਾਤਾ ਭੀ ਕਿਤੋਂ ਲਿਆ ਦਿਤਾ। ਜਦ ਨਾਤਾ ਹੋ ਚੁਕਿਆ ਤਾਂ ਨਿਕਟ ਵਰਤੀ ਸੰਸਾਰੀ ਲੋਕ ਉਸ ਸਿਦਕਵਾਨ ਸਿੰਘ ਨੂੰ ਐਉਂ ਪ੍ਰੇਰਨ ਲਗੇ ਕਿ ਯਾ ਤਾਂ ਦਾੜ੍ਹੀ ਤੇ ਵਸਮਾ ਲਾ ਲਵੇ ਯਾ ਧੌਲੇ ਚੁਗਾ ਲਵੇ। ਉਸ ਸ਼ਰਧਾਵਾਨ ਸਿੰਘ ਨੇ ਇਹ ਉਤਰ ਦੇ ਕੇ ਸਭ ਦੇ ਮੂੰਹ ਤੇ ਚਪੇੜ ਲਾਈ ਕਿ ਮੈਨੂੰ ਐਸਾ ਨਾਤਾ ਲੈਣ ਦੀ ਕੋਈ ਲੋੜ ਨਹੀਂ, ਜਿਸ ਦੇ ਕਾਰਨ ਮੈਨੂੰ ਮੂੰਹ ਕਾਲਾ ਕਰਨਾ ਪਵੇ। ਮੂੰਹ ਕਾਲਾ ਕਰਾ ਕੇ (ਵਸਮਾਂ ਲਵਾ ਕੇ) ਫੇਰ ਤੁਸੀਂ ਦਾੜ੍ਹੀ ਨਰੜਨ ਲਈ ਕਹੋਗੇ। ਦੂਜੀ ਗਲ ਤੁਸੀਂ ਜੋ ਧੌਲੇ ਚੁਗਾਉਣ ਵਾਲੀ ਗੱਲ ਆਖੀ ਹੈ, ਇਹ ਨਿਰੀ ਗੁਰਮਤ ਤੋਂ ਹੀਣੀ ਮਨਮਤ ਵਾਲੀ ਗੱਲ ਹੈ ਗੁਰਮਤ ਇਹ ਦ੍ਰਿੜਾਉਂਦੀ ਹੈ ਕਿ ਇਹ ਧੌਲੇ ਨਹੀਂ ਹੀਰੇ ਹਨ। ਕੌਡੀਆਂ ਦੇ ਵਪਾਰ ਲਈ ਇਹਨਾਂ ਨੂੰ ਵੇਚ ਦੇਵਾਂ ? ਅਸਾਡੇ ਸਾਹਮਣੇ ਦੀ ਗਲ ਹੈ ਕਿ ਕਈਆਂ ਮਨਮਤੀਆਂ ਅਤੇ ਮਨਮਤਣਾਂ ਨੇ ਬਥੇਰਾ ਜ਼ੋਰ ਲਾਇਆ ਕਿ ਉਸ ਸਜਣ ਨੂੰ ਗੁਰਮਤ ਭਿੰਨੀ ਸਰਧਾ ਸਿਦਕ ਭਾਵਨੀ ਤੋਂ ਗੇਰ ਦੇਣ। ਪਰ ਉਹ ਗੁਰੂ ਕਾ ਲਾਲ ਐਸੀ ਸ਼ੁਭ ਅਤੇ ਸੁੰਦਰ ਭਾਵਨਾ ਵਾਲਾ ਨਿਕਲਿਆ ਕਿ ਉਸ ਨੇ ਕਿਸੇ ਦੀ ਕੁਝ ਨਹੀਂ ਮੰਨੀ। ਸੋਹਣੇ ਗੁਰਮੁਖੀ ਦਾੜ੍ਹੇ ਸਮੇਤ ਅਨੰਦ ਕਾਰਜ ਉਸ ਨੇ ਕਰਵਾਇਆ ਜਿਸ ਵਿਚ ਹੀਰੇ ਆਏ ਹੋਏ ਸਨ ਉਹ ਉਸੇ ਤਰਾਂ ਕਾਇਮ ਦਾਇਮ ਰਹੇ। ਅਸੀਂ ਖੁਦ ਉਸ ਅਨੰਦ ਕਾਰਜ ਵਿਚ ਸ਼ਾਮਲ ਸਾਂ। ਬੜੀਆਂ ਚੜ੍ਹਦੀਆਂ ਕਲਾਂ ਵਿਚ ਉਸ ਸਜਣ ਦਾ ਸਾਬਤ ਸੂਰਤੀ ਹੀਰੇ ਮੂਰਤੀ ਦਾੜ੍ਹੇ ਸੰਜੁਗਤ ਅਨੰਦ ਕਾਰਜ ਹੋਇਆ, ਜੋ ਅਜ ਤਾਈਂ ਬੜੇ ਅਨੰਦ ਮਗਨਤਾ ਸਹਿਤ ਦ੍ਰਿੜ ਹਨ। ਵਾਰਨੇ ਬਲਿਹਾਰਨੇ ਜਾਈਏ ਅਜੇਹੇ ਗੁਰੂ ਦੇ ਸੁੰਦਰ ਭਾਵਨਾ ਵਾਲੇ ਸਿੰਘਾਂ ਤਾਈਂ। ਤਾਂ ਤੇ ਜੋ ਅਨਮਤ ਗ੍ਰਸ ਦਾੜ੍ਹੀ ਚਾੜ੍ਹੇ, ਦਾੜ੍ਹੀ ਨਰੜ ਪੁਰਸ਼ ਵਿਆਹ ਨਾਤਿਆਂ ਕਾਰਨ ਦਾੜੀਆਂ ਚਾੜਦੇ ਸੰਵਾਰਦੇ ਸ਼ੰਗਾੜਦੇ ਹਨ ਓੜਕ ਐਵੇਂ ਹੀ ਰਹਿ ਜਾਂਦੇ ਹਨ। ਅਜੇਹੇ ਢੀਠ ਪੁਰਸ਼ ਹੀ ਹਨ ਜੋ ਦਾੜ੍ਹੀ ਨਰੜ ਕੁਮਤੜੀ ਨੂੰ ਹੀ ਆਪਣੀ ਮਨ ਦੀ ਮਤੜੀ ਅਨੁਸਾਰ ਅਸਲ ਤੇ ਪਰਮ ਗੁਰਮਤ ਸਮਝਦੇ ਤੇ ਜਣਾਉਂਦੇ ਹਨ। ਵਾਸਤਵ ਵਿਚ ਉਹ ਪਰਮ ਪੁਰਸ਼ ਮੂੰਹ ਉਤੇ ਸੱਟਾਂ ਖਾਣਗੇ ਜੋ ਸਿੱਖ ਸਦਾ ਕੇ ਭੀ ਮੂੰਹ ਆਈਆਂ ਦਾੜ੍ਹੇ ਨਰੜ ਤੇ ਹੀਰੇ ਘਰੜ ਕੁਮਤੜੀਆਂ ਤੋਂ ਨਹੀਂ ਟਲਦੇ।

(੨.) ਦੂਜੇ ਦਾੜ੍ਹੀ ਨਰੜਣ ਵਾਲੇ ਸੁਆਰਥੀ ਪੁਰਸ਼ ਉਹ ਹਨ ਜੋ ਸਿਰਫ ਨੌਕਰੀ ਦੀ ਕਨੌਂਡ ਕਰਕੇ ਦਾੜ੍ਹੀ ਨਰੜਦੇ ਹਨ। ਅਜੇਹੇ ਨੌਕਰੀ ਕਨੌਂਡੀਆਂ ਦੀ ਸਰਧਾ ਸਿਦਕ ਭਰੀ ਸਿਖੀ ਭੀ ਬੜੇ ਖਤਰੇ ਵਿਚ ਹੈ।

(੩.) ਤੀਜੀ ਸ਼ਰੇਣੀ ਦੇ ਅਜੇਹੇ ਕਮਜ਼ੋਰ ਖਿਆਲਾਂ ਵਾਲੇ ਸਿਖੜੇ ਭੀ ਹਨ ਜੋ ਕੇਵਲ ਲਾਜ ਦੇ ਕਾਰਨ ਜਦੋਂ ਆਪੋ ਆਪਣੇ ਮਹਿਕਮਿਆਂ ਵਿਚ ਜਾਂਦੇ ਹਨ ਓਦੋਂ ਤਾਂ ਦਾੜ੍ਹੀ ਚੀਰ ਕੇ ਦੋ ਫਾੜ ਕਰਕੇ ਚੜ੍ਹਾ ਲੈਂਦੇ ਹਨ, ਪਰ ਜਦੋਂ ਗੁਰੂ ਦੀਆਂ ਸੰਗਤਾਂ ਵਿਚ ਆਉਂਦੇ ਹਨ ਓਦੋਂ ਦਾੜ੍ਹਾ ਸਿਧਾ ਗੁਰਮੁਖੀ ਕਰ ਲੈਂਦੇ ਹਨ। ਇਕ ਪਰੋਫੈਸਰ ਪੇਸ਼ੇ ਵਾਲਾ ਸਿੰਘ ਦਾੜ੍ਹੀ ਚਾੜ੍ਹ ਕੇ ਕੀਰਤਨ ਕਰਨ ਲੱਗਾ ਪਰ ਅਸੀਂ ਉਸ ਨੂੰ ਬਾਜੇ ਉਤੇ ਨਾ ਬੈਠਣ ਦਿਤਾ ਕਿ ਦਾੜ੍ਹੀ ਖੋਲ੍ਹ ਕੇ ਬੈਠ। ਉਸ ਬੜੀ ਘਿਗਿਆ ਕੇ ਬੇਨਤੀ ਕੀਤੀ ਕਿ ਘਟ ਤੋਂ ਘਟ ਇਸ ਸ਼ਹਿਰ ਵਿਖੇ ਜਿਥੇ ਕਿ ਮੈ



www.AKJ.Org

ਪਰੋਫੈਸਰ ਹਾਂ ਮੈਨੂੰ ਚੜ੍ਹੇ ਦਾੜ੍ਹੇ ਸਮੇਤ ਕੀਰਤਨ ਕਰਨ ਦੀ ਆਗਿਆ ਮਿਲ ਜਾਵੇ। ਅਸੀਂ ਬਿਲਕੁਲ ਨਾ ਮਨਜ਼ੂਰ ਕੀਤਾ, ਵਿਚੋਂ ਇਹ ਗਲ ਨਿਕਲੀ ਕਿ ਉਸ ਕਾਲਜ ਦੇ ਮੁੰਡੇ ਜਿਥੇ ਉਹ ਪਰੋਫੈਸਰ ਲਗਾ ਹੋਇਆ ਸੀ ਉਸ ਨੂੰ ਮੁਲਾਂ ਮੁਲਾਣਾਂ ਆਖ ਕੇ ਮੇਹਣਾ ਮਾਰਦੇ ਸਨ ਜਦੋਂ ਕਦੇ ਕਿਤੇ ਉਹ ਦਾੜ੍ਹਾ ਖੋਲ੍ਹ ਲੈਂਦਾ ਸੀ। ਜਿਨ੍ਹਾਂ ਗੁਰੂ ਕੇ ਤਾਰਿਆਂ ਸਿਖਾਂ ਨੂੰ ਗੁਰਮਤਿ ਨਾਲ ਸੱਚੀ ਸਿਦਕ ਭਾਵਨੀ ਹੈ ਉਹ ਬਰਸਾਂ ਬੱਧੀ ਸਕੂਲਾਂ ਦੇ ਹੈਡ ਮਾਸਟਰ ਤੇ ਕਾਲਜਾਂ ਦੇ ਪ੍ਰਿੰਸੀਪਲ ਭੀ ਰਹੇ। ਪਰੰਤੂ ਉਹਨਾਂ ਦੇ ਦਾੜ੍ਹੇ ਗੁਰਮੁਖੀ ਹੀ ਸਜੇ ਰਹੇ ਮਜਾਲ ਹੈ ਕਿ ਰੰਚਕ ਮਾਤਰ ਭੀ ਲਰਜ਼ਿਸ਼ ਆਈ ਹੋਵੇ।

(੪.) ਚੌਥੀ ਸ਼ਰੇਣੀ ਦੇ ਅਜੇਹੇ ਨਾਮ ਧਰੀਕ ਸਿਖ ਹਨ ਜੋ ਕੇਵਲ ਸ਼ੁਕੀਨ ਬਨਣ ਦੀ ਖਾਤਰ ਦਾੜੀਆਂ ਚਾੜਦੇ ਹਨ ਤੇ ਮੁਛਾਂ ਮਰੋੜ ਕੇ ਰਖਦੇ ਹਨ ਦਸਤਾਰੇ ਦੇ ਉਪਰ ਤੁਰਲਾ ਭੀ ਰਖਦੇ ਹਨ। ਉਹਨਾਂ ਦਾ ਸ਼ੌਕ ਏਹੋ ਹੀ ਹੈ ਕਿ ਅਸੀਂ ਜਵਾਨ ਹੀ ਪਰਤੀਤ ਹੋਈਏ। ਏਸ ਜਵਾਨੀ ਨੇ ਸਦਾ ਰਹਿਣਾ ਨਹੀਂ। ਓੜਕ ਬੁਢੇਪਾ ਆ ਹੀ ਜਾਣਾ ਹੈ ਤੇ ਇਹਨਾਂ ਸ਼ੁਕੀਨਾਂ ਦਾ ਸ਼ੁਕੀਨੀ ਪਾਜ ਭੀ ਜ਼ਰੂਰ ਲਹਿਣਾ ਹੈ।

(੫.) ਪੰਜਵੀਂ ਸ਼ਰੇਣੀ ਦੇ ਅਜੇਹੇ ਕਾਮ ਵਿਆਪਕ ਕੁਬੁਧ ਨਰ ਭੀ ਹਨ ਜੋ ਆਪਣੇ ਘਰ ਦੀਆਂ ਜੋਰੂਆਂ (ਜ਼ਨਾਨੀਆਂ) ਦੇ ਕਹੇ ਤੇ ਦਾੜ੍ਹੀਆਂ ਚੜ੍ਹਾਂਦੇ ਹਨ ਕਿ ਅਸੀਂ ਸੋਹਣੇ ਲਗੀਏ। ਅਜੇਹੀਆਂ ਜ਼ਨਾਨੀਆਂ ਨੂੰ ਤਾਂ ਉਹ ਸੋਹਣੇ ਤਾਂ ਹੀ ਲਗਣਗੇ ਕਿ ਮੂੰਹ ਤੇ ਦਾੜ੍ਹੀ ਦਾ ਨਮੂਦ ਹੀ ਨ ਰਹੇ।

ਕੈਸੀ ਸ਼ਰਮਨਾਕ ਹਾਲਤ ਹੈ ਸ਼ਰਮਨਾਕ ਹੀ ਨਹੀਂ ਖਤਰਨਾਕ ਹੈ, ਉਪਰ ਅੰਕਤਾਏ ਪੰਜਾਂ ਨੰਬਰਾਂ ਵਿਚ ਆਏ ਦਾੜ੍ਹੀ ਨਰੜ ਭੇਖੀ ਸਿਖਾਂ ਦੀ ਜੋ ਦੋਹੀਂ ਸਰਾਈਂ ਨਿਰੇ ਝੂਠੇ ਤੇ ਪਾਜਲ ਸਿਖ ਹੀ ਰਹਿਣਗੇ। ਖਾਸ ਕਰ ਗੁਰੂ ਨਾਨਕ ਦਸਮੇਸ਼ ਜੀ ਦੀ ਸਚੀ ਦਰਗਾਹ ਵਿਚ ਉਹਨਾਂ ਨੂੰ ਕਦੇ ਭੀ ਢੋਈ ਨਹੀਂ ਮਿਲਣੀ। ਇਹ ਗਲ ਅਛੀ ਤਰਾਂ ਯਾਦ ਰਹੇ ਕਿ ਅਸਾਡੀਆਂ ਦਸੇ ਗੁਰੂ ਪਾਤਸ਼ਾਹੀਆਂ ਸਿਧੀਆਂ ਗੁਰਮੁਖੀ ਦਾੜ੍ਹੀਆਂ ਸਮੇਤ ਹੀ ਰਹੀਆਂ ਬਲਕਿ ਸਾਰੇ ਗੁਰੂ ਪਾਤਸ਼ਾਹੀਆਂ ਦੇ ਸਮੇਂ ਦੇ ਗੁਰਸਿਖ ਭੀ ਗੁਰਮੁਖੀ ਦਾੜ੍ਹਿਆਂ ਵਾਲੇ ਹੋਏ ਤੱਤ ਭਾਵ ਹੈ ਕਿ ਗੁਰਮੁਖੀ ਸਿਧੀਆਂ ਦਾੜ੍ਹੀਆਂ ਵਾਲੇ ਸਚੇ ਸਿੰਘ ਸੁਅਜਨ ਹੀ ਗੁਰੂ ਕੇ ਸਤਿਚਆਰ ਸਿੰਘ ਸੋਭਦੇ ਹਨ। ਇਹ ਦਾੜ੍ਹੀ ਨਰੜਨ ਦੀ ਕੁਬਿਧਤ ਕੇਵਲ ਦੇਖਾ ਦੇਖੀ ਹੀ ਪਈ ਹੋਈ ਹੈ। ਅਤੇ ਬਹੁਤੀ ਸੁਆਰਥ ਅਧੀਨ ਨੌਕਰਾਂ ਚਾਕਰਾਂ ਨੂੰ ਹੀ ਪਈ ਹੈ ਜਿਨ੍ਹਾਂ ਦਾ ਸਿਖੀ ਸਿਦਕ ਹਰਦਮ ਖਤਰੇ ਵਿਚ ਹੈ।

## ਅੰਮ੍ਰਿਤ ਵੇਲਾ

(ਭਾਈ ਗੁਰਤੇਜ ਸਿੰਘ ਬਾਦਸ਼ਾਹ ਪੁਰੀ)

ਉੱਠੋ ਉੱਠੋ ਵੀਰੋ ਤੁਸੀਂ ਉੱਠੋ ਸਾਰੇ, ਹੁਣ ਅੰਮ੍ਰਿਤ ਵੇਲਾ ਹੋਇਆ ਏ।
ਚਿੜੀਆਂ ਕਾਵਾਂ ਸਭ ਪਾਸੇ ਰੌਲੀ ਪਾਈ ਏ, ਕਿਉਂ ਗਾਫ਼ਲ ਬਣ ਸੁੱਤਾ ਹੋਇਆ ਏ।
ਉੱਠੋ ਪੜ੍ਹੋ ਬਾਣੀ ਕਰੋ ਵਿਚਾਰ ਤੁਸੀਂ, ਕਿਹੜੀਆਂ ਸੋਚਾਂ ਵਿੱਚ ਡੁੱਬਾ ਹੋਇਆ ਏ।
ਕਰੋ ਸੰਭਾਲ ਇਸ ਅੰਮ੍ਰਿਤ ਵੇਲੇ ਦੀ, ਉੱਠੋ ਹੁਣ ਅੰਮ੍ਰਿਤ ਵੇਲਾ ਹੋਇਆ ਏ।
ਆਉ ਉੱਠ ਆਪਾਂ ਗੁਣ ਗਾਈਏ ਪ੍ਰਮੇਸਰ ਦੇ, ਜਿਸ ਕਰਨਾ ਸਾਡਾ ਪਾਰ ਉਤਾਰਾ ਏ।
ਕੀਰਤਨ ਸੁਣ ਹੋਵੇ ਮਨ ਸਾਂਤ ਤਾਂਈ, ਆਉ ਚਲੀਏ ਰਲ ਨਾਲ ਪ੍ਰਵਾਰਾਂ ਦੇ।।੧।।
ਇਹ ਸਮਾਂ ਕਰਦਾ ਨਹੀਂ ਉਡੀਕ ਕਿਸੇ ਦੀ, ਲੰਘਦਾ ਇਹ ਸਮਾਂ ਵਾਂਗ ਤੂਫਾਨਾਂ ਦੇ।
ਆਉ ਆਪਾਂ ਕਰੀਏ ਸਦਾ ਕਦਰ ਸਮੇਂ ਦੀ, ਜੋ ਲੰਘਦਾ ਜਾਵੇ ਸਾਥੋਂ ਵਾਂਗ ਬਲਵਾਨਾਂ ਦੇ।
ਇਹ ਚਲਦਾ ਏ ਤੇਜ਼ ਰਫਤਾਰ ਤਰ੍ਹਾਂ, ਕਰੇ ਪਿਛੇ ਸਭ ਨੂੰ ਵਾਂਗ ਮਕਾਨਾਂ ਦੇ।
ਉਹੀ ਪਿਛੋਂ ਪੁਛਤਾਉਂਦੇ ਜੋ ਕਰਦੇ ਪਿਆਰ ਨਹੀਂ, ਉਸ ਨੂੰ ਮੇਟੇ ਸਦਾ ਵਾਂਗ ਨਿਸ਼ਾਨਾਂ ਦੇ।
ਆਉ ਵੀਰੋ ਕਰੀਏ ਇਸ ਦੀ ਸੰਭਾਲ ਸਦਾ, ਕਦੇ ਅੰਮ੍ਰਿਤ ਵੇਲਾ ਨਹੀਂ ਭੁਲਾ ਦੇਣਾ।
ਇਸ ਸਮੇਂ ਵਾਹਿਗੁਰੂ ਨਾਲ ਸੁਰਤ ਜੁੜਦੀ ਏ, ਸਭ ਨੂੰ ਵਾਰੀ ਵਾਰੀ ਆਪਾਂ ਜਗਾ ਦੇਣਾ।।੨।।
ਐਸੇ ਵੇਲੇ ਦੀ ਉਡੀਕ ਕਰਦੇ ਭਗਤ ਜਨ ਦੇਖੋ, ਅੰਮ੍ਰਿਤ ਵੇਲਾ ਸਾਂਭਣ ਭਾਗਾਂ ਵਾਲੜੇ ਜੀ।
ਲਾਹਾ ਖੱਟਦੇ ਜਿਹੜੇ ਯਾਦ ਕਰਦੇ ਗੁਰੂ ਤਾਂਈ, ਉਹ ਬਾਣੀ ਪੜ੍ਹ ਹੋਵੰਦੇ ਨਿਹਾਲੜੇ ਜੀ।
ਪੰਜਾਂ ਚੋਰਾਂ ਤਾਂਈ ਮਾਰਕੇ ਤਬਾਹ ਕਰਦੇ, ਲਾਜ ਰੱਖਦੇ ਗੁਰੂ ਬਣ ਰਖਵਾਲੜੇ ਜੀ।
ਅਨੰਦ ਮਾਣਦੇ ਰਹੀਏ, ਸਦਾ ਅਸੀਂ ਵੀਰੋ, ਪੀ ਕੇ ਜਾਈਏ ਰਲ ਅੰਮ੍ਰਿਤ ਪਿਆਲੜੇ ਜੀ।
'ਬਾਦਸ਼ਾਹ ਪੁਰੀ' ਛੱਡੋ ਸਭੇ ਆਲਸਾਂ ਨੂੰ, ਕਰੋ ਅੰਮ੍ਰਿਤ ਵੇਲੜੇ ਦਾ ਸਤਿਕਾਰ ਸਦਾ।
ਗੁਰੂ ਪਾਤਸ਼ਾਹ ਵੱਲੋਂ ਹੋਇਆ ਹੁਕਮ ਸਭ ਨੂੰ, ਕਰਦੇ ਰਹੋ ਇਸ ਨਾਲ ਪਿਆਰ ਸਦਾ।।੩।।


www.AKJ.Org

# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

(ਵਲੋ :- ਗਿਆਨੀ ਪ੍ਰਤਾਪ ਸਿੰਘ ਜੀ)

ਗੁਰਦੁਵਾਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਨਿਸ਼ਕਾਮ ਕੁਰਬਾਨੀ ਤੇ ਆਪਾ ਵਾਰਨ ਦੀ ਅਦੁਤੀ ਮਿਸਾਲ ਹੈ। ਇਸ ਨੇ ਸਾਰੀ ਸਿੱਖ ਕੌਮ ਨੂੰ ਇਕ ਹਲੂਣਾ ਦੇ ਦਿਤਾ।

**ਉਦਾਸੀਆਂ ਦਾ ਕਬਜ਼ਾ :-** ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਸੇਵਾ ਸਿਖ ਰਾਜ ਤੋਂ ਉਦਾਸੀ ਸਾਧੂ ਕਰਦੇ ਸਨ। ਉਦਾਸੀ ਸਿਖੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ 'ਉਦਾਸੀ' ਸ਼ਬਦ ਪ੍ਰਚਲਤ ਹੋਇਆ। ਇਹ ਬਾਬਾ ਸ੍ਰੀ ਚੰਦ ਨੂੰ ਮੁਖੀ ਮੰਨਦੇ ਹਨ। ਬਾਬਾ ਜੀ ਤਿਆਗੀ ਤੇ ਬੀਰ ਰਾਗ ਪੁਰਸ਼ ਸਨ। ਉਨ੍ਹਾਂ ਨੇ ਛੇਵੀਂ ਪਾਤਸ਼ਾਹੀ ਦੇ ਵਕਤ ਆਪਣੇ ਗੁਸੇ ਗਿਲੇ ਮਿਟਾ ਕੇ ਟਿੱਕਾ ਗੁਰਦਿਤਾ ਜੀ ਨੂੰ ਆਪਣੀ ਸੇਲੀ ਟੋਪੀ ਦੇ ਦਿਤੀ। ਟਿੱਕਾ ਜੀ ਤੋਂ ਅਗੇ ਬਾਲੂ, ਹਸਨਾ, ਫੂਲ, ਗੋਂਦਾ ਅਦੇ ਅਲਮਸਤ ਮੁਖੀ ਉਦਾਸੀ ਹੋਏ। ਇਨ੍ਹਾਂ ਨੂੰ ਛੇਵੀਂ, ਸਤਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੀਆਂ ਕਈ ਬਖ਼ਸ਼ਸ਼ਾਂ ਹੋਈਆਂ। ਇਸ ਲਈ ਉਦਾਸੀਆਂ ਦੇ ਚਾਰ ਧੂੰਏ ਤੇ ਛੇ ਬਖ਼ਸ਼ਸ਼ਾਂ ਪ੍ਰਸਿਧ ਹਨ। ਉਦਾਸੀ ਸਿਖ ਧਰਮ ਦੇ ਪ੍ਰਚਾਰਕ, ਦਸ ਗੁਰੂ ਸਾਹਿਬਾਨ ਨੂੰ ਆਪਣਾ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਮੰਨਦੇ ਤੇ ਪੂਜਦੇ ਸਨ। ਮਹਾਤਮਾ ਸੰਤੋਖ ਦਾਸ, ਪ੍ਰੀਤਮ ਦਾਸ ਆਦਿਕਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਕੀਤੀ। ਉਦਾਸੀਆਂ ਨੇ ਦੇਸ ਦੇਸਾਤ੍ਰਾਂ ਵਿਚ ਸਿਖੀ ਦਾ ਪ੍ਰਚਾਰ ਕੀਤਾ। ਇਕ ਵੇਰ ਮਹਾਰਾਜਾ ਰਣਜੀਤ ਸਿੰਘ ਸ੍ਰੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਏ। ਉਨ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਬੇਦੀ ਵੀ ਸਨ। ਮਹਾਰਾਜੇ ਨੇ ਉਨ੍ਹਾਂ ਕੋਲੋਂ ਪੁਛਿਆ, "ਦਸੋ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਦੀ ਕੀ ਸੇਵਾ ਕੀਤੀ ਜਾਵੇ ?"

ਬਾਬਾ ਜੀ - "ਗੁਰਦਵਾਰੇ ਦੀ ਸੇਵਾ ਤੇ ਲੰਗਰ ਲਈ ਜ਼ਮੀਨ ਲਾਣੀ ਚਾਹੀਦੀ ਹੈ।" ਮਹਾਰਾਜੇ ਨੇ ਕਿਹਾ, ਜਿੰਨੀ ਥਾਂ ਵਿਚ ਆਪ ਘੋੜਾ ਫੇਰ ਦਿਓਗੇ, ਉਨੀ ਜ਼ਮੀਨ ਜਨਮ ਅਸਥਾਨ ਨਾਲ ਲਾ ਦਿਤੀ ਜਾਵੇਗੀ।" ਬਾਬਾ ਜੀ ਨੇ ਘੋੜਾ ਫੇਰਿਆ। ਮਹਾਰਾਜੇ ਨੇ ਉਤਨੀ ਜ਼ਮੀਨ ਗੁਰਦਵਾਰੇ ਦੇ ਨਾਂ ਲਾ ਦਿਤੀ। ਨਹਿਰ ਪੈਣ ਕਰਕੇ ਜ਼ਮੀਨ ਦੀ ਆਮਦਨੀ ਵਧ ਗਈ। ਆਮਦਨੀ ਵਧਣ, ਕੁਝ ਸਮੇਂ ਦੇ ਪ੍ਰਭਾਵ ਕਰ ਕੇ ਨਨਕਾਣੇ ਸਾਹਿਬ ਦੇ ਕਈ ਮਹੰਤ ਸ਼ਰਾਬੀ ਕਬਾਬੀ ਤੇ ਆਚਰਣ ਹੀਣ ਹੋ ਗਏ। ਉਨ੍ਹਾਂ ਨੇ ਪ੍ਰਮੇਸ਼ਰ ਤੇ ਗੁਰੂ ਦਾ ਡਰ ਲਾਹ ਦਿਤਾ।

**ਮਹੰਤਾਂ ਦੀ ਬਦਚਲਣੀ :-** ਨਨਕਾਣੇ ਸਾਹਿਬ ਦਾ ਮਹੰਤ ਸਾਧੂ ਰਾਮ ਬੜਾ ਸ਼ਰਾਬੀ ਕਬਾਬੀ ਸੀ। ਉਹ ਅਯਾਸ਼ੀ ਕਰ ਕੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਗਿਆ। ਸਾਧੂ ਰਾਮ ਦੀ ਮੌਤ ਪਿਛੋਂ ਕਿਸ਼ਨ ਦਾਸ ਮਹੰਤ ਬਣਿਆ। ਉਹ ਵੀ ਘਟ ਨਹੀਂ ਸੀ। ਉਸ ਨੇ ਇਕ ਵੇਸਵਾ ਨਾਲ ਸ਼ਾਦੀ ਕਰ ਲਈ, ਜਿਸ ਤੋਂ ਇਕ ਪੁਤਰ ਹੋਇਆ। ਉਸ ਨੇ ਆਪਣੇ ਭਤੀਜੇ ਦੀ ਸ਼ਾਦੀ ਸਮੇਂ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਵਾਇਆ। ਮਹੰਤ ਨੇ ਆਪ ਸ਼ਰਾਬ ਪੀਤੀ ਹੋਈ ਸੀ। ਇਹ ਵੀ ਭਿਆਨਕ ਰੋਗੀ ਸੀ। ਲਾਹੌਰ ਵਿਚ ਕਿਸ਼ਨ ਦਾਸ ਦੀ ਮੌਤ ਹੋ ਗਈ। ਉਸ ਦੀ ਥਾਂ ਨਰਾਇਣ ਦਾਸ ਮਹੰਤ ਬਣਿਆ। ਉਸ ਨੇ ਸੰਗਤ ਦੇ ਕਹਿਣ ਪਰ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਕਿ ਜੋ ਮਾੜੇ ਕੰਮ ਮਹੰਤ ਕਿਸ਼ਨ ਦਾਸ ਕਰਦਾ ਸੀ, ਉਹ ਨਹੀਂ ਕਰੇਗਾ। ਪਰ ਕੁਝ ਚਿਰ ਪਿਛੋਂ ਨਰਾਇਣ ਦਾਸ ਵੀ ਉਸੇ ਤਰ੍ਹਾਂ ਵਿਗੜ ਗਿਆ।

ਮਹੰਤ ਨਰਾਇਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਰੱਖੀ ਹੋਈ ਸੀ, ਜਿਸ ਤੋਂ ਦੋ ਪੁਤਰ ਤੇ ਦੋ ਧੀਆਂ ਸਨ। ਇਨ੍ਹਾਂ ਦੀ ਰਿਹਾਇਸ਼ ਲਈ ਮਹੰਤ ਨੇ ਵਖਰੇ ਮਕਾਨ ਬਣਾ ਕੇ ਦਿਤੇ ਹੋਏ ਸਨ। ਇਕ ਨਨਕਾਣੇ ਸਾਹਿਬ ਤੇ ਦੂਜਾ ਰਾਮਗਲੀ ਲਾਹੌਰ ਵਿਚ ਸੀ। ਅਗਸਤ ੧੯੧੭ ਵਿਚ ਜਦ ਮਹੰਤ ਨੇ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਾਇਆ ਸੀ, ਇਸ ਦੇ ਵਿਰੁਧ ਸਿਖ ਅਖ਼ਬਾਰਾਂ ਨੇ ਲਿਖਿਆ, ਸਿੰਘ ਸਭਾਵਾਂ ਨੇ ਗੁਰਮਤੇ ਪਾਸ ਕੀਤੇ, ਜਿਨ੍ਹਾਂ ਵਿਚ ਸ੍ਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹੰਤ ਨੂੰ ਹਟਾ ਦੇਵੇ। ਪਰ ਕੌਣ ਸੁਣਦਾ ਸੀ ? ੧੯੧੮ ਵਿਚ ਇਕ ਰੀਟਾਇਰਡ ਸਿੰਧੀ ਈ. ਏ. ਸੀ. ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਇਕ ਪੁਜਾਰੀ ਨੇ ਉਸ ਦੀ ੧੩ ਸਾਲ ਦੀ ਲੜਕੀ ਚੁਕ ਲਈ। ਪਰ ਮਹੰਤ ਨੇ ਉਸ ਪੁਜਾਰੀ ਦੇ ਵਿਰੁਧ ਕੋਈ ਕਾਰਵਾਈ ਨਾ ਕੀਤੀ। ਇਸੇ ਸਾਲ ਇਕ ਪੂਰਨਮਾਸ਼ੀ ਤੇ ਇਲਾਕਾ ਜੜ੍ਹਾਂ ਵਾਲੇ ਦੀਆਂ ੬ ਇਸਤ੍ਰੀਆਂ ਜਨਮ ਅਸਥਾਨ ਦੇ ਦਰਸ਼ਨ ਕਰਨ ਆਈਆਂ। ਪੁਜਾਰੀਆਂ ਨੇ ਉਨ੍ਹਾਂ ਨੂੰ ਲੁਕਾ ਲਿਆ ਤੇ ਉਨ੍ਹਾਂ ਨਾਲ ਮਾੜਾ ਕੰਮ ਕੀਤਾ।

**ਸੁਧਾਰ ਲਈ ਅੰਦੋਲਨ :-** ਅਕਤੂਬਰ ੧੯੨੦ ਵਿਚ ਪਿੰਡ



www.AKJ.Org

ਧਾਰੋਵਾਲੀ ਜ਼ਿਲਾ ਸ਼ੇਖੂਪੁਰਾ ਵਿਚ ਇਕ ਦੀਵਾਨ ਹੋਇਆ, ਜਿਸ ਵਿਚ ਨਨਕਾਣੇ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ।

ਮਹੰਤ ਨੇ ਆਪਣਾ ਸੁਧਾਰ ਕਰਨ ਦੀ ਥਾਂ ਉਪਦ੍ਰਵ ਕਰਨ ਦੀ ਤਿਆਰੀ ਕਰ ਲਈ। ਉਹ ਰੋਜ਼ ਆਪਣੇ ਪਿੰਡਾਂ ਚੋਂ ੪੦੦ ਆਦਮੀ ਰਾਖੀ ਲਈ ਸਦ ਲੈਂਦਾ ਸੀ। ਬਾਬਾ ਕਰਤਾਰ ਸਿੰਘ ਬੇਦੀ ਨਾਲ ਸਲਾਹ ਕਰ ਕੇ ਮਹੰਤ ਨਰਾਇਣ ਦਾਸ ਨੇ ਨਨਕਾਣੇ ਸਾਹਿਬ ਵਿਚ ਸਾਧਾਂ ਤੇ ਮਹੰਤਾਂ ਦੀ ਇਕ ਇਕੱਤ੍ਰਤਾ ਬੁਲਾਈ, ਜਿਸ ਵਿੱਚ ੬੦ ਆਦਮੀ ਸ਼ਾਮਲ ਹੋਏ। ਇਸ ਵਿਚ ਸੁਧਾਰਕਾਂ ਦਾ ਟਾਕਰਾ ਕਰਨ ਲਈ ਇਕ ਕਮੇਟੀ ਬਣਾਈ ਗਈ। ਪ੍ਰਧਾਨ ਮਹੰਤ ਨਰਾਇਣ ਦਾਸ ਤੇ ਸਕਤ੍ਰ ਮਹੰਤ ਬਸੰਤ ਦਾਸ ਬਣਿਆ। ੬੦ ਹਜ਼ਾਰ ਰੁਪਿਆ ਇਕੱਤ੍ਰ ਕੀਤਾ ਗਿਆ ਤੇ ਲਾਹੌਰ ਤੇ ਸੰਤ ਸੇਵਕ ਅਖ਼ਬਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ।

ਮਹੰਤ ਦੀ ਤਿਆਰੀ :- ਕਤਕ ਪੂਰਨਮਾਸ਼ੀ ਸੰਨ ੧੯੨੦ ਈ: ਦੇ ਮੇਲੇ ਤੇ ਮਹੰਤ ਨਰਾਇਣ ਦਾਸ ਨੇ ਆਪਣੇ ਚਾਰ ਪੰਜ ਸੋ ਆਦਮੀਆਂ ਦਾ ਮੁਜ਼ਾਹਰਾ ਕੀਤਾ। ਜਿਸ ਤੇ ਵੀ ਅਕਾਲੀ ਹੋਣ ਦਾ ਸ਼ਕ ਪਿਆ, ਉਸ ਨੂੰ ਜਨਮ ਅਸਥਾਨ ਜਾਣ ਤੋਂ ਰੋਕ ਦਿਤਾ। ਮਹੰਤ ਨੇ ਮਹਾਰਾਜਾ ਪਟਿਆਲਾ ਤੇ ਕਮਿਸ਼ਨਰ ਲਾਹੌਰ ਪਾਸੋਂ ਸਹਾਇਤਾ ਮੰਗੀ, ਪਰ ਉਨ੍ਹਾਂ ਨੇ ਉਸ ਨੂੰ ਕੋਈ ਭਰੋਸਾ ਨਾ ਦਿਵਾਇਆ। ੨੩ ਜਨਵਰੀ ਤੇ ੬ ਫਰਵਰੀ ੧੯੨੧ ਨੂੰ ਸ੍ਰੀ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ, ਜਿਨ੍ਹਾਂ ਵਿੱਚ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਪੁਰ ਵਿਚਾਰ ਹੋਈ। ਉਸ ਵਕਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪਰਧਾਨ ਸ: ਹਰਬੰਸ ਸਿੰਘ ਅਟਾਰੀ ਸਨ। ਕਮੇਟੀ ਵਲੋਂ ਮਹੰਤ ਦੇ ਨਾਂ ਇਕ ਖੁਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣੇ ਆਚਰਣ ਤੇ ਗੁਰਦਵਾਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਭਾਈ ਲਛਮਣ ਸਿੰਘ, ਭਾਈ ਕਰਤਾਰ ਸਿੰਘ ਝਬਰ ਤੇ ਸ: ਬਖ਼ਸ਼ੀਸ਼ ਸਿੰਘ ਦੀ ਇਕ ਕਮੇਟੀ ਬਣਾਈ ਗਈ, ਜੋ ਸ੍ਰੀ ਨਨਕਾਣੇ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ।

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਜ਼ਿਲਾ ਸ਼ੇਖੂਪੁਰਾ ਤੇ ਲਾਇਲਪੁਰ ਵਿਚ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਸ਼ਹੀਦ ਨੇ ਜੱਥਾ ਤਿਆਰ ਕਰਨਾ ਸ਼ੁਰੂ ਕਰ ਦਿਤਾ। ੧੭ ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦਵਾਰੇ ਵਿਚ ਮੁਖੀ ਸਿੰਘਾਂ ਦੀ ਇਕੱਤ੍ਰਤਾ ਹੋਈ। ਉਸ ਵਿਚ ਜੱਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਜੀ, ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਭਾਈ ਕਰਤਾਰ ਸਿੰਘ ਝਬਰ, ਸ: ਤੇਜਾ ਸਿੰਘ ਚੂਹੜਕਾਣਾ, ਸ: ਸੁੱਚਾ ਸਿੰਘ ਜੈਚਕ, ਭਾਈ ਬੂਟਾ ਸਿੰਘ ਚੱਕ ੨੦੪, ਸ: ਰਾਜਾ ਸਿੰਘ ਜੜ੍ਹਾਂਵਾਲਾ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ।

ਮਹੰਤ ਨਰਾਇਣ ਦਾਸ ਨੇ ੭ ਫਰਵਰੀ ਨੂੰ ਇਕ ਇਤੱਤ੍ਰਤਾ ਬੁਲਾਈ, ਜਿਸ ਵਿਚ ਆਪਣੇ ਹਮਾਇਤੀ ਇੱਕਠੇ ਕੀਤੇ। ਇਨ੍ਹਾਂ ਵਿਚ ਭੱਟੀ ਮੁਸਲਮਾਨ ਵੀ ਸਨ। ਬਾਬਾ ਕਰਤਾਰ ਸਿੰਘ ਬੇਦੀ ਤੇ ਮੰਗਲ ਸਿੰਘ ਕੂਕਾ ਇਸ ਵਿਚ ਸ਼ਾਮਲ ਹੋਏ। ਮਹੰਤ ਨੇ ਬੇਦੀ ਕਰਤਾਰ ਸਿੰਘ ਨਾਲ ਗਲਬਾਤ ਕਰਨ ਲਈ ਸ਼ੇਖੂਪੁਰੇ ਵਿਚ ਪੁਜਣ ਲਈ ੧੪ ਫਰਵਰੀ ਤਾਰੀਖ਼ ਨੀਯਤ ਕੀਤੀ। ਪਰ ਉਹ ਆਪ ਨਾ ਪੁਜਾ, ਉਸ ਨੇ ਮਹੰਤ ਜੀਵਨ ਦਾਸ ਨੂੰ ਭੇਜ ਦਿਤਾ। ਸਿੰਘਾਂ ਨੇ ੧੯ ਫਰਵਰੀ ਨੂੰ ਸ੍ਰੀ ਨਨਕਾਣੇ ਸਾਹਿਬ ਪੁਜਣ ਦਾ ਫ਼ੈਸਲਾ ਕੀਤਾ ਸੀ। ਮਹੰਤ ਨੇ ਇਨ੍ਹਾਂ ਦਿਨਾਂ ਵਿਚ ਇਕ ਕਾਨਫ਼ਰੰਸ ਵੀ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਵਿਚ ਲਾਹੌਰ ਬੁਲਾਈ। ਉਹ ਸਿੰਘਾਂ ਨੂੰ ਕਤਲ ਕਰਨ ਦੀ ਤਿਆਰੀ ਕਰਨ ਲਗ ਪਿਆ। ਉਸ ਨੇ ੧੪ ਪੀਪੇ ਮਿਟੀ ਦੇ ਤੇਲ ਦੇ ਤੇ ਪੰਜਾਹ ਮਣ ਲਕੜਾਂ ਜਨਮ ਅਸਥਾਨ ਵਿਚ ਰਖਵਾ ਦਿਤੀਆਂ।

'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਮੁਖੀਆਂ ਦੀ ਇਕ ਇਕੱਤ੍ਰਤਾ ਹੋਈ, ਜਿਸ ਵਿਚ ਹਾਲਾਤ ਤੇ ਵੀਚਾਰ ਕੀਤੀ ਗਈ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਅਤੰਮ ਦਿਨ ਨੀਯਤ ਕੀਤੇ ਬਿਨਾਂ ਕੋਈ ਜੱਥਾ ਨਨਕਾਣੇ ਸਾਹਿਬ ਨਾ ਜਾਵੇ।

ਭਾਈ ਕਰਤਾਰ ਸਿੰਘ ਝੱਬਰ ਤੇ ਸ: ਲਛਮਣ ਸਿੰਘ ਧਾਰੋਵਾਲੀ ਆਪੋ ਆਪਣੇ ਜੱਥੇ ਲੈ ਕੇ ਸ੍ਰੀ ਨਨਕਾਣੇ ਸਾਹਿਬ ਪੁਜਣਾ ਚਾਹੁੰਦੇ ਸਨ। ਭਾਈ ਕਰਤਾਰ ਸਿੰਘ ਨੂੰ ਰੋਕਣ ਲਈ ਇਕ ਆਦਮੀ ਖਰੇ ਸੌਦੇ ਗਿਆ। ਭਾਈ ਲਛਮਣ ਸਿੰਘ ਜੀ ੧੯ ਤਾਰੀਖ਼ ਦੀ ਸ਼ਾਮ ਨੂੰ ਜੱਥਾ ਲੈ ਕੇ ਪਿੰਡੋਂ ਚਲ ਪਏ। ਭਾਈ ਕਰਤਾਰ ਸਿੰਘ ਚੰਦਰਕੋਟ ਦੀ ਝਾਲ ਤੇ ਪੁਜੇ। ਦੋਵੇਂ ਜੱਥੇ ਆਪਸ ਵਿਚ ਮਿਲ ਨਹੀਂ ਸਕੇ। ਸਿੰਘ, ਭਾਈ ਲਛਮਣ ਸਿੰਘ ਨੂੰ ਰੋਕਣ ਲਈ ਗਏ। ਭਾਈ ਸਾਹਿਬ ਜੀ ਨਾਲ ਦੋ ਸੌ ਸਿੰਘ ਸਨ। ੬ ਵਜੇ ਸਵੇਰੇ ਉਹ ਸ੍ਰੀ ਨਨਕਾਣੇ ਸਾਹਿਬ ਪੁਜ ਗਏ। 'ਗੁਰਦਵਾਰਾ ਸੁਧਾਰ ਲਹਿਰ' ਵਿਚ ੧੫੦ ਦਾ ਜੱਥਾ ਲਿਖਿਆ ਹੈ। 'ਸ਼ਹੀਦੀ ਜੀਵਨ' ਤੋਂ ਸਿੱਧ ਹੁੰਦਾ ਹੈ ਕਿ


www.AKJ.Org

ਸਾਰੇ ਸਿੰਘ ਚਾਰ ਜਥਿਆਂ ਦੀ ਸ਼ਕਲ ਵਿਚ ਸਨ। ਇਹ ਜਨਮ ਅਸਥਾਨ ਤੇ ਕਬਜ਼ਾ ਕਰਨ ਲਈ ਗਏ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

**ਸ਼ਹੀਦੀ ਸਾਕਾ :-** ਮਹੰਤ ਨਰਾਇਣ ਦਾਸ ਨੇ ਕਤਲਾਮ ਦੀ ਤਿਆਰੀ ਕੀਤੀ ਹੋਈ ਸੀ। ਤੇਲ ਦੇ ਪੀਪੇ, ਲਕੜੀਆਂ, ਛਵ੍ਹੀਆਂ, ਗੰਡਾਸੇ ਤੇ ਕਾਰਤੂਸ ਮੰਗਾਏ ਹੋਏ ਸਨ। ਜਦ ਜੱਥਾ ਜਨਮ ਅਸਥਾਨ ਵਿਚ ਦਾਖ਼ਲ ਹੋਇਆ, ਕਾਤਲਾਂ ਨੇ ਸਿੰਘਾਂ ਪਰ ਵਾਰ ਸ਼ੁਰੂ ਕਰ ਦਿਤੇ। ਛੱਤ ਦੇ ਉਤੋਂ ਗੋਲੀਆਂ ਚਲਾਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲਧੇ, ਰਾਂਝੇ, ਸ਼ੇਰ ਦਾਸ ਆਦਿਕ ਕਾਤਲਾਂ ਨੇ ਸ਼ਾਤਮਈ ਸਿੰਘਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿਤਾ। ਛਵ੍ਹੀਆਂ ਤੇ ਗੰਡਾਸਿਆਂ ਨਾਲ ਸ਼ਹੀਦ ਕੀਤਾ। ਭਾਈ ਲਛਮਣ ਸਿੰਘ ਜੀ ਜੱਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਨ, ਉਨ੍ਹਾਂ ਨੂੰ ਵੀ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆ ਨੂੰ ਕਟਿਅ ਗਿਆ। ਸ਼ਹੀਦ ਸਿੰਘਾਂ ਨੂੰ ਅੰਦਰ ਤੇਲ ਪਾ ਕੇ ਫੂਕਿਆ ਗਿਆ।

ਸ: ਦਲੀਪ ਸਿੰਘ ਜੀ ਸ਼ਹੀਦ, ਸ: ਉਤਮ ਸਿੰਘ ਦੇ ਕਾਰਖ਼ਾਨੇ ਵਿਚ ਸਨ। ਉਨ੍ਹਾਂ ਨੇ ਜਨਮ ਅਸਥਾਨ ਵਿਚ ਗੋਲੀਆਂ ਚਲਣ ਦੀ ਅਵਾਜ਼ ਸੁਣੀ। ਉਹ ਗੁਰੂ-ਪਿਆਰ ਵਿਚ ਜਨਮ ਅਸਥਾਨ ਵਲ ਤੁਰ ਪਏ। ਜਦ ਸਰਦਾਰ ਜੀ ਜਨਮ ਅਸਥਾਨ ਦੇ ਨੇੜੇ ਪੁਜੇ, ਪਾਪੀਆਂ ਨੇ ਛਵ੍ਹੀਆਂ ਮਾਰ ਕੇ ਉਨ੍ਹਾਂ ਨੂੰ ਗੁਰਦਵਾਰੇ ਦੇ ਬਾਹਰ ਆਵੀ ਦੇ ਪਾਸ ਸ਼ਹੀਦ ਕਰ ਦਿਤਾ। ੨੩੦੦ ਰੁਪਏ ਦੇ ਨੋਟ ਉਨ੍ਹਾਂ ਦੀ ਜੇਬ' ਚੋਂ ਨਿਕਲੇ। ਇਸ ਤਰ੍ਹਾਂ ਸ਼ਹੀਦ ਸਿੰਘਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਹੋ ਰਹੇ ਗੁਨਾਹਾਂ ਨੂੰ ਆਪਣੇ ਲਹੂ ਨਾਲ ਧੋਤਾ।

ਇਹ ਸਾਕਾ ਮਿਤੀ ੧੦ ਫਗਣ ਸੰਮਤ ੧੯੭੭ ਬਿਕ੍ਰਮੀ ਮੁਤਾਬਕ ੨੦ ਫ਼ਰਵਰੀ ੧੯੨੧ ਈਸਵੀ ਐਤਵਾਰ ਨੂੰ ਹੋਇਆ। ਸਰਦਾਰ ਉਤਮ ਸਿੰਘ ਜੀ ਕਾਰਖ਼ਾਨੇ ਵਾਲਿਆਂ ਨੇ ਇਸ ਸਾਕੇ ਸਬੰਧੀ ਪੰਥਕ ਜਥੇਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਦਿਤੀਆਂ। ੨੦ ਫ਼ਰਵਰੀ ਨੂੰ ਡਿਪਟੀ ਕਮਿਸ਼ਨਰ ਨਨਕਾਣੇ ਸਾਹਿਬ ਪੁਜ ਗਿਆ। ੨੧ ਤਰੀਕ ਨੂੰ ਸ: ਹਰਬੰਸ ਸਿੰਘ ਅਟਾਰੀ, ਪ੍ਰੋ. ਜੋਧ ਸਿੰਘ, ਸ: ਮਹਿਤਾਬ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਪੁਜੇ। ਭਾਈ ਕਰਤਾਰ ਸਿੰਘ ਝੱਬਰ ਜਥੇ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜ ਗਏ ਸਨ। ਉਨ੍ਹਾਂ ਦਾ ਜਥਾ ਬਹੁਤ ਜੋਸ਼ ਵਿੱਚ ਸੀ। ਮਿ: ਕਿੰਗ ਕਮਿਸ਼ਨਰ ਲਾਹੌਰ ਨੂੰ ਕਿਹਾ ਗਿਆ ਕਿ ਸ੍ਰੀ ਨਨਕਾਣੇ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦੇਵੇ। ਉਸ ਨੇ ਚਾਬੀਆਂ ਸ: ਹਰਬੰਸ ਸਿੰਘ ਜੀ ਨੂੰ ਦੇ ਦਿਤੀਆਂ। ਸ੍ਰੀ ਨਨਕਾਣੇ ਸਾਹਿਬ ਦਾ ਪ੍ਰਬੰਧ ਪੰਥ ਦੇ ਹਥ ਵਿਚ ਆ ਗਿਆ। ੨੨ ਫ਼ਰਵਰੀ ਨੂੰ ਗਵਰਨਰ ਪੰਜਾਬ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜੇ। ਗਵਰਨਰ ਨੇ ਇਹ ਸ਼ਹੀਦੀ ਸਾਕਾ ਅੱਖਾਂ ਨਾਲ ਵੇਖਿਆ।, ਉਸ ਵਕਤ ਸੰਗਤ ਵਿਚ ਮਿ: ਕਿੰਗ ਕਮਿਸ਼ਨਰ ਵਿਰੁਧ ਬੜਾ ਰੋਸ ਸੀ। ਲੋਕੀ ਕਹਿੰਦੇ ਸਨ," ਇਹ ਕਾਰਾ ਕਿੰਗ ਨੇ ਵਰਤਾਇਆ ਹੈ। ਪੁਲਸ ਨੂੰ ਸਾਜ਼ਸ਼ ਦਾ ਪਤਾ ਸੀ।" ਏਸੇ ਦਿਨ ਸ਼ਾਮ ਨੂੰ ਸ਼ਹੀਦਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਇਕ ਗੁਰਮਤੇ ਰਾਹੀਂ ਬਾਬਾ ਕਰਤਾਰ ਸਿੰਘ ਬੇਦੀ ਨੂੰ ਛੇਕ ਦਿਤਾ ਗਿਆ। ਬਾਅਦ ਵਿਚ ਉਨ੍ਹਾਂ ਨੇ ਇਸ ਭੁਲ ਦੀ ਪੰਥ ਪਾਸੋਂ ਮਾਫ਼ੀ ਮੰਗੀ।

ਨਨਕਾਣੇ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਬਾਰੇ ਮਤ-ਭੇਦ ਹੈ। ਕਈ ਲੇਖਕਾਂ ਨੇ ਗਿਣਤੀ ੧੨੦, ੧੫੦ ਤੇਂ ੨੦੦ ਤਕ ਲਿਖੀ ਹੈ। ਸ: ਚਰਨ ਸਿੰਘ ਇਨਸਪੈਕਟਰ ਪੁਲਿਸ ਨੇ ਪੜਤਾਲ ਕਰ ਕੇ ੧੫੬ ਲਿਖੇ ਹਨ। ਸਰਕਾਰੀ ਰਪੋਟਾਂ ਵਿਚ ਗਿਣਤੀ ੧੨੬ ਤੇ ੧੩੦ ਦਿਤੀ ਹੈ। ਸ੍ਰੀ ਨਨਕਾਣੇ ਸਾਹਿਬ ਕਮੇਟੀ ਨੇ ਜੋ ਸ਼ਹੀਦੀ ਜੀਵਨ ਪ੍ਰਕਾਸ਼ਤ ਕੀਤਾ ਹੈ, ਉਸ ਵਿਚ ਦੋ ਸੌ ਸਿੰਘਾਂ ਦਾ ਜੱਥਾ ਮੰਨਿਆ ਗਿਆ ਹੈ, ਜਿਸ ਵਿਚੋਂ ੮੬ ਸਿੰਘ ਸ਼ਹੀਦ ਹੋਏ ਦਸੇ ਹਨ।

**ਸਾਕੇ ਦਾ ਅਸਰ :-** ਨਨਕਾਣੇ ਸਾਹਿਬ ਦੇ ਸਾਕੇ ਦੀ ਖ਼ਬਰ ਸਾਰੇ ਪੰਥ ਤੇ ਦੇਸ਼ ਵਿਚ ਬੜੇ ਦੁਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ, ਚਲ ਪਏ। ਸਾਰੇ ਦੇਸ਼ ਚੋਂ ਸ਼੍ਰੋਮਣੀ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁਜੀਆਂ। ਇਸ ਖ਼ਬਰ ਨੇ ਸਿਖਾਂ ਵਿਚ ਜੋਸ਼ ਦੀ ਅਗਨਿ ਪ੍ਰਚੰਡ ਕਰ ਦਿਤੀ। ਸਾਰੇ ਕੌਮੀ ਅਖ਼ਬਾਰਾਂ ਨੇ ਇਸ ਸਾਕੇ ਸਬੰਧੀ ਬੜੇ ਦਰਦਨਾਕ ਲੇਖ ਲਿਖੇ ਪਰ ਅੰਗ੍ਰੇਜ਼ਾਂ ਦੇ ਹਾਮੀ ਐਂਗਲੋ ਇੰਡੀਅਨ ਅਖ਼ਬਾਰਾਂ ਨੇ ਸਿਖਾਂ ਦੇ ਵਿਰੁਧ ਪ੍ਰਾਪੇਗੰਡਾ ਕੀਤਾ ਤੇ ਨਨਕਾਣੇ ਸਾਹਿਬ ਦੀ ਸ਼ਹੀਦੀ ਨੂੰ ਇਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦਸਣ ਦਾ ਬਿਅਰਥ ਜਤਨ ਕੀਤਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਖ਼ਾਲਸਾ ਕਾਲਜ ਵਿਚ ਟੈਲੀਫ਼ੋਨ ਕੀਤਾ ਕਿ ਨਨਕਾਣੇ ਸਾਹਿਬ ਵਿਚ ਕੇਵਲ ੨੦ ਸਿੰਘ ਮਾਰੇ ਗਏ ਹਨ। ਪਹਿਲੇ ਸਰਕਾਰੀ ਐਲਾਨ ਵਿਚ ਸ਼ਹੀਦ ਸਿੰਘਾਂ

(ਬਾਕੀ ਪੰਨਾ ੩੩ ਤੇ ...)


www.AKJ.Org

# ਭੋਜਨ ਵਿਚ ਸਰਬ ਲੋਹ ਦੀ ਅਵੱਸ਼ਕਤਾ

ਮਿਤੀ ੨੫-੧੧-੭੪ ਦੇ Indian Express (ਇੰਡੀਅਨ ਐਕਸਪ੍ਰੈਸ) ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਵਿਚ ਆਜ਼ਮ ਚੌਧਰੀ ਨੇ "ਲਹੂ ਦੀ ਘਾਟ ਨੂੰ ਪੂਰਾ ਕਰਨ ਲਈ ਲੋਹ-ਸ਼ਕਤੀ ਲੂਣ" ਦੇ ਸਿਰਲੇਖ ਹੇਠ ਇਕ ਮਜ਼ਮੂਨ ਦਿਤਾ ਸੀ। ਉਸ ਲੇਖ ਵਿਚ ਭਾਰਤ ਸਰਕਾਰ ਵਲੋਂ ਹੈਦਰਾਬਾਦ ਵਿਖੇ "ਨੈਸ਼ਨਲ ਇਨਸਟੀਚਿਊਟ ਆਫ਼ ਨਿਊਟ੍ਰੀਸ਼ਨ" ਸੰਸਥਾ ਦੀ ਖੋਜ ਅਨੁਸਾਰ "ਲੋਹ-ਸ਼ਕਤੀ ਲੂਣ" (ਸਰਬ-ਲੋਹ ਦੀ ਸ਼ਕਤੀ ਵਾਲਾ ਲੂਣ) ਤਿਆਰ ਕਰ ਕੇ ਆਮ ਜਨਤਾ ਨੂੰ ਸਪਲਾਈ ਕਰਨ ਦੀ ਯੋਜਨਾ ਦਾ ਬਿਆਨ ਸੀ। ਉਸ ਲੇਖ ਦਾ ਸੰਖੇਪ ਸਾਰ-ਅੰਸ਼ ਹੇਠਾਂ ਦਿਤਾ ਜਾ ਰਿਹਾ ਹੈ।

ਹਰ ਮਨੁੱਖੀ ਸਰੀਰ ਨੂੰ ਫ਼ੌਲਾਦੀ ਅੰਸ਼ ਦਾ ਪ੍ਰਾਪਤ ਹੋਣਾ ਅਤੀ ਜ਼ਰਰੀ ਹੈ ਅਤੇ ਇਹ ਲੋਹ-ਅੰਸ਼ ਜੀਵ ਆਪਣੇ ਭੋਜਨਾਂ ਰਾਹੀਂ ਪ੍ਰਾਪਤ ਕਰਦਾ ਹੈ। ਸਰੀਰ ਇਸ ਲੋਹ-ਭੰਡਾਰ ਨੂੰ ਜਿਗਰ, ਹੱਡੀਆਂ ਦੀ ਮਿਝ ਅਤੇ ਤਿਲੀ ਰੂਪੀ ਗੁਦਾਮਾਂ ਵਿਚ ਇੱਕਤਰ ਕਰਦਾ ਹੈ। ਜਿਗਰ ਇਸ ਲੋਹ- ਭੰਡਾਰ ਦਾ ਸਭ ਤੋਂ ਵੱਡਾ ਭੰਡਾਰ ਹੈ।

ਕੁਝ ਕੁ ਸਾਲ ਪਹਿਲਾਂ ਵਰਲਡ ਹੈਲਥ ਆਰਗਨਾਈਜ਼ੇਸ਼ਨ (ਸੰਸਾਰ-ਸਿਹਤ ਸੰਸਥਾ) ਨੇ ਸੋਲ੍ਹਾਂ ਦੇਸ਼ਾਂ ਵਿਚੋਂ ੩੫੭੮ ਸਰੀਰਾਂ ਦੇ ਜਿਗਰਾਂ ਦਾ ਨਿਰੀਖਣ ਕਰ ਕੇ ਕੁਝ ਨਤੀਜੇ ਕਢੇ ਅਤੇ ਦਸਿਆ ਕਿ ਦਿਲੀ ਦੇ ਮਨੁਖਾਂ ਵਿਚ ਲੋਹ-ਅੰਸ਼ ਦੀ ਮਾਤਰਾ ਸਭ ਤੋਂ ਘਟ ਹੈ। ਉਨ੍ਹਾਂ ਵਿਚੋਂ ੩੦ ਫ਼ੀ ਸਦੀ ਪੁਰਸ਼ਾਂ ਵਿਚ ਲੋਹ-ਅੰਸ਼ ਦੀ ਮਾਤਰਾ ਨਾਂ ਮਾਤਰ ਜਾਂ ਨਾਂ ਹੋਣ ਦੇ ਬਰਾਬਰ ਸੀ। ਉਨ੍ਹਾਂ ਦੇ ਨਤੀਜਿਆਂ ਅਨੁਸਾਰ ਦਖਣੀ ਅਫ਼ਰੀਕਾ ਦੇ ਵਾਸੀਆਂ ਵਿਚ ਲੋਹ-ਅੰਸ਼ ਦੇ ਭੰਡਾਰ ਸਭ ਤੋਂ ਵਧ ਸਨ।

ਮੈਡੀਕਲ ਰੀਸਰਚ ਦੀ ਇੰਡੀਅਨ ਕੌਂਸਲ ਦੇ ਡਾਇਰੈਕਟਰ ਜਨਰਲ ਡਾਕਟਰ ਸੀ. ਗੋਪਾਲਨ ਦਾ ਵਿਚਾਰ ਹੈ ਕਿ ਲੋਹੇ ਦੀ ਘਾਟ ਨਾਲ ਉਪਜਿਆ ਲਹੂ-ਦੋਸ਼ ਦੇਸ਼ ਦੇ ਮਹਾਨ ਮਸਲਿਆਂ ਵਿਚੋਂ ਇਕ ਹੈ।

ਡਾਕਟਰੀ ਖੋਜ ਦੇ ਮਾਹਿਰਾਂ ਦੇ ਇੱਕਠੇ ਕੀਤੇ ਤੱਥਾਂ ਨੇ ਇਹ ਸਿੱਧ ਕੀਤਾ ਹੈ ਕਿ ਸਕੂਲ ਜਾਣ ਵਾਲੀ ਅਵਸਥਾ ਤੋਂ ਪਹਿਲੇ ਸਾਡੇ ੫੦ ਫ਼ੀ ਸਦੀ ਬੰਦੇ ਅਤੇ ੫੦ ਫ਼ੀ ਸਦੀ ਹੀ ਜਣਨੀਆਂ ਲਹੂ-ਦੋਸ਼ ਤੋਂ ਪੀੜਤ ਹਨ। ਡਾਕਟਰ ਗੋਪਾਲਨ ਜੀ ਦਾ ਕਹਿਣਾ ਹੈ ਕਿ ਇਹ ਲਹੂ-ਦੋਸ਼ ਨਿਰਾ ਬੱਚਿਆਂ ਤੇ ਜਣਨੀਆਂ ਤਕ ਸੀਮਤ ਨਹੀਂ, ਸਗੋਂ ਬਹੁਤ ਸਾਰੀ ਭਾਰਤੀ ਗਰੀਬ ਜਨਤਾ ਭੀ ਇਸ ਦਾ ਸ਼ਿਕਾਰ ਹੈ। ਆਰਥਕ ਪਖੋਂ ਦੇਖੀਏ ਤਾਂ ਲੋਹੇ ਦੀ ਘਾਟ ਕਾਰਨ ਵਿਆਪੇ ਲਹੂ-ਦੋਸ਼ ਨਾਲ ਕਿਰਸਾਨਾਂ ਤੇ ਕਾਮਿਆਂ ਦੀ ਉਪਜਾਊ ਸ਼ਕਤੀ ਤੇ ਭੀ ਡੂੰਘਾ ਅਸਰ ਪੈਂਦਾ ਹੈ, ਜਿਸ ਨਾਲ ਮੁਲਕ ਦੀ ਉਪਜ ਨੂੰ ਤਕੜਾ ਧੱਕਾ ਲਗਦਾ ਹੈ।

ਸੰਸਾਰ ਦੀ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਨੇ ੧੯੭੨ ਵਿਚ ਕਿਹਾ ਸੀ ਕਿ ਇਸ ਵੇਲੇ ਸੰਸਾਰ ਦੀ ੨੦ਫ਼ੀ ਸਦੀ ਵਸੋਂ ਲੋਹ-ਕਮੀ ਨਾਲ ਪੀੜਤ ਹੋਣ ਦਾ ਅੰਦਾਜ਼ਾ ਹੈ, ਜੋ ਕਿ ਕਾਫ਼ੀ ਚਿੰਤਾ-ਜਨਕ ਹੈ।

ਇੰਡੀਅਨ ਕੌਂਸਲ ਆਫ਼ ਮੈਡੀਕਲ ਰੀਸਰਚ ਦੇ ਡਾਕਟਰ ਵੀ. ਆਪਟੇ (ਜਿਸ ਨੇ ਲੋਹ-ਕਮੀ ਤੇ ਕਾਫ਼ੀ ਖੋਜ ਕੀਤੀ ਹੈ) ਦਾ ਕਹਿਣਾ ਹੈ ਕਿ ਸੰਸਾਰ ਦੇ ਲੋਹ-ਕਮੀ ਵਾਲੇ ਪੁਰਸ਼ਾਂ ਦੀ ਗਿਣਤੀ ਦਾ ਅੰਦਾਜ਼ਾ ੩੦ ਫ਼ੀ ਸਦੀ ਤਕ ਹੈ। ਇਸ ਦਾ ਭਾਵ ਇਹ ਨਿਕਲਦਾ ਹੈ ਕਿ ਸੰਸਾਰ ਦੇ ਇਕ ਸੌ ਵੀਹ ਕਰੋੜ ਮਨੁਖ ਲਹੂ ਅੰਦਰ ਲੋਹ-ਕਮੀ ਦੇ ਸ਼ਿਕਾਰ ਹਨ। ਇਹ ਗਿਣਤੀ ਸਾਰੇ ਭਾਰਤ ਦੀ ਵਸੋਂ ਨਾਲੋਂ ਦੂਗਣੀ ਬਣਦੀ ਹੈ।

ਸੰਸਾਰ ਦੀ ਸਿਹਤ-ਸੰਸਥਾ ਦੀ ਖੋਜ ਨੇ ਪਰਗਟ ਕੀਤਾ ਹੈ ਕਿ ਜਣਨੀਆਂ ੨੦ ਤੋਂ ੮੦ ਫ਼ੀ ਸਦੀ ਤਕ ਇਸ ਲਹੂ-ਦੋਸ਼ ਨਾਲ ਪੀੜਤ ਹਨ। ਅਗਾਂਹ-ਵਧੂ ਦੇਸ਼ਾਂ ਦੀਆਂ ਜਣਨੀਆਂ ਭੀ ੧੫ ਤੋਂ ੨੫ ਫ਼ੀ ਸਦੀ ਤਕ ਇਸ ਘਾਟ ਦਾ ਸ਼ਿਕਾਰ ਹਨ।

ਇਕ ਸਾਧਾਰਨ ਪਰਫੁਲਤ ਹੋ ਰਹੇ ਬੱਚੇ ਜਾਂ ਮਨੁੱਖ ਦੀ ਸੰਤੁਲਤ ਰੋਜ਼ਾਨਾ ਖ਼ੁਰਾਕ ਵਿਚ ੨੦ ਤੋਂ ੩੦ ਮਿਲੀਗਰਾਮ ਲੋਹਾ ਹੋਣਾ ਜ਼ਰੂਰੀ ਹੈ। ਜਣਨੀਆਂ ਦੀ ਖ਼ੁਰਾਕ ਵਿਚ ਲੋਹੇ ਦੀ ਲੋੜ ਹੋਰ ਵੀ ਜ਼ਿਆਦਾ ਹੈ। ਇਸੇ ਲੋੜ ਨੂੰ ਮੁਖ ਰਖਦਿਆਂ ਭਾਰਤ ਸਰਕਾਰ ਨੇ ਚੌਥੀ ਯੋਜਨਾ ਵਿਚ ਮਾਵਾਂ ਤੇ ਬੱਚਿਆਂ ਵਿਚ ਲੋਹ-ਘਾਟ ਦੀ ਕਮੀ ਨੂੰ ਪੂਰਾ ਲਈ ਅਰੋਗਤਾ-ਕੇਂਦਰਾਂ ਰਾਹੀਂ ਲਖਾਂ ਲੋਹ-ਸ਼ਕਤੀ ਗੋਲੀਆਂ ਵੰਡੀਆਂ। ਇਸ ਲੋੜ ਦੀ ਪੂਰਤੀ ਲਈ ਹੀ ਪੰਜਵੀਂ ਯੋਜਨਾ ਵਿਚ ਭੀ ਤਿੰਨ ਕਰੋੜ ਰੁਪਿਆ ਅਜਿਹੇ ਕਾਰਜਾਂ ਲਈ ਰਾਖਵਾਂ ਕੀਤਾ ਗਿਆ ਹੈ। ਇਸ ਰਕਮ ਰਾਹੀਂ ਢਾਈ ਕਰੋੜ ਮਾਵਾਂ ਤੇ ਇੰਨਿਆਂ ਹੀ ਬੱਚਿਆਂ ਨੂੰ ਲਾਭ ਪਹੁੰਚਾਉਣ ਦਾ ਪ੍ਰੋਗਰਾਮ ਹੈ।

ਇਸ ਮਸਲੇ ਦੀ ਗੰਭੀਰਤਾ ਨੂੰ ਮੁਖ ਰਖ ਕੇ ਹੈਦਰਾਬਾਦ ਵਿਚ "ਨੈਸ਼ਨਲ ਇਨਸਟੀਚੀਊਟ ਆਫ਼ ਨਿਊਟ੍ਰੀਸ਼ਨ" ਵਿਚ ਚਾਰ ਸਾਲਾਂ ਤੋਂ I.F.S. (ਲੋਹ-ਸ਼ਕਤੀ ਲੂਣ) ਤਿਆਰ ਕਰਨ ਦੀ ਖੋਜ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਸ ਸੰਸਥਾ ਨੇ ਹੁਣ ਲੂਣ ਵਿਚ ਲੋਹਾ ਮਿਲਾਉਣ



www.AKJ.Org

ਦਾ ਢੰਗ ਖੋਜ ਲਿਆ ਹੈ। ਇਹ ਸੰਸਥਾ ਹੁਣ ਹਜ਼ਾਰਾਂ ਲੋਕਾਂ ਉਤੇ ਆਪਣੀ ਖੋਜ ਦੇ ਤਜਰਬੇ ਕਰੇਗੀ। ਜੇ ਇਹ ਤਜਰਬੇ ਸਫਲ ਹੋਏ ਤਾਂ ਛੇ ਸਾਲਾਂ ਦੇ ਅੰਦਰ ਅੰਦਰ ਇਹ ਔਸ਼ਧੀ ਭਾਵ ਲੋਹ-ਸ਼ਕਤੀ-ਲੂਣ ਆਮ ਲੋਕਾਂ ਤਕ ਪਹੁੰਚਾਇਆ ਜਾਵੇਗਾ। ਇਹ ਆਮ ਲੂਣ ਵਰਗਾ ਹੀ ਹੋਵੇਗਾ ਅਤੇ ਵੇਖਣ, ਚਖਣ, ਸੁੰਘਣ ਆਦਿ ਵਿਚ ਕੋਈ ਫ਼ਰਕ ਨਹੀਂ ਹੋਵੇਗਾ ਅਤੇ ਮੁੱਲ ਵੀ ਲਗ ਪਗ ਉਹੀ ਹੋਵੇਗਾ।

ਭਾਰਤ ਦੇ ਭੋਜਨ-ਮਾਹਿਰਾਂ ਦਾ ਵਿਚਾਰ ਹੈ ਕਿ ਇਸ ਲੋਹ-ਸ਼ਕਤੀ ਰਾਹੀਂ ਭਾਰਤੀਆਂ ਦੀ ਲਹੂ ਦੀ ਕਮੀ ਨੂੰ ਪੂਰਾ ਕਰਨ ਵਾਲਾ ਮਸਲਾ ਸੁਖੈਨ ਹੀ ਹਲ ਹੋ ਜਾਵੇਗਾ। ਭੋਜਨ-ਮਾਹਿਰਾਂ ਦਾ ਕਹਿਣਾ ਹੈ ਕਿ ਸਾਢੇ ਸੋਲ੍ਹਾਂ ਕਰੋੜ ਭਾਰਤ-ਵਾਸੀ ਇਸ ਕਮੀ ਦਾ ਸ਼ਿਕਾਰ ਹਨ।

ਲੋਹਾ ਲਹੂ ਨੂੰ ਰੰਗੀਨ ਬਣਾਉਣ ਵਾਲੇ ਪਦਾਰਥ ਦਾ ਇਕ ਵਿਸ਼ੇਸ਼ ਤੇ ਮੁਖ ਅੰਗ ਹੈ। ਇਹ ਪਦਾਰਥ (Halmoglobin) ਹੀ ਲਹੂ ਨੂੰ ਲਾਲੀ ਬਖ਼ਸ਼ਦਾ ਹੈ ਅਤੇ ਫੇਫੜਿਆਂ ਵਿਚੋਂ ਆਕਸੀਜਨ ਪ੍ਰਾਪਤ ਕਰ ਕੇ ਸਰੀਰ ਦੇ ਮਹੀਨ ਤੋਂ ਮਹੀਨ ਪੱਠਿਆਂ ਤਕ ਪਹੁੰਚਾਉਂਦਾ ਹੈ, ਤਾਂਕਿ ਸਰੀਰ ਯੋਗਤਾ ਨਾਲ ਆਪਣੇ ਕਾਰਜ ਸਾਧ ਸਕੇ। ਇਹ ਹੀ ਕਿਸੇ ਹਦ ਤਕ ਸਰੀਰ ਦੇ ਗੰਦੇ ਮਾਦੇ (ਕਾਰਬਨ ਡਾਈਔਕਸਾਈਡ) ਨੂੰ ਸਾਹ ਰਾਹੀਂ ਬਾਹਰ ਕਢਣ ਵਿਚ ਸਹਾਇਤਾ ਦਿੰਦਾ ਹੈ। ਲਹੂ ਅੰਦਰ ਜੇ ਇਹ ਪਦਾਰਥ ਲੁੜੀਂਦੀ ਮਾਤਰਾ ਤੋਂ ਘਟ ਹੋਵੇ ਤਾਂ ਮਨੁੱਖੀ ਸਰੀਰ ਪੀਲਾ ਪੈ ਜਾਂਦਾ ਹੈ। ਮਨੁੱਖੀ ਸਰੀਰ ਸਾਲਾਨਾ ੧੦ ਫ਼ੀ ਸਦੀ ਆਪਣਾ ਲੋਹਾ, ਰੋਜ਼ਾਨਾ ਮੁੜ੍ਹਕੇ ਆਦਿ ਰਾਹੀਂ ਖ਼ਾਰਜ ਜਾਂ ਜ਼ਾਇਆ ਕਰਦਾ ਹੈ।

ਸਾਇੰਸਦਾਨਾਂ ਨੇ ਲੋਹੇ ਬਾਰੇ ਇਕ ਹੋਰ ਵਚਿਤਰ ਖੋਜ ਕੀਤੀ ਹੈ ਕਿ ਜੇ ਭੋਜਨ ਪਕਾਉਣ ਲਈ ਲੋਹੇ ਦੀ ਕੜਾਹੀ ਜਾਂ ਲੋਹੇ ਦਾ ਕੋਈ ਬਰਤਨ ਵਰਤਿਆ ਜਾਵੇ ਤਾਂ ਭੋਜਨ ਵਿਚ ਲੋਹ-ਸਿੰਚਾਰ ਦੀ ਸ਼ਕਤੀ ਬਹੁਤ ਵਧ ਜਾਂਦੀ ਹੈ। ਸਬਜ਼ੀਆਂ ਨੂੰ ਲੋਹੇ ਦੇ ਚਾਕੂ ਆਦਿ ਰਾਹੀਂ ਕਟਣ ਨਾਲ ਵੀ ਇਹ ਵਾਧਾ ਵਾਪਰਦਾ ਹੈ। ਨੈਸ਼ਨਲ ਇਨਸਟੀਚੀਊਟ ਆਫ਼ ਨਿਊਟ੍ਰੀਸ਼ਨ ਵਿਚ ਕੀਤੇ ਗਏ ਤਜਰਬਿਆਂ ਨੇ ਸਾਬਤ ਕੀਤਾ ਹੈ ਕਿ ਅਲਮੀਨੀਅਮ ਤੇ ਸਟੀਲ ਦੇ ਬਰਤਨ ਵਿਚ ਪਕਾਉਣ ਨਾਲ ਜਿਸ ਭੋਜਨ ਵਿਚ ਲੋਹ-ਅੰਸ਼ ੪੭.੭ ਸੀ ਉਸੇ ਭੋਜਨ ਨੂੰ ਲੋਹੇ ਵਿਚ ਪਕਾਉਣ ਨਾਲ ਅੰਸ਼ ੧੮੧.੨ ਤਕ ਪਹੁੰਚ ਗਈ।

ਸੋ ਜੇ ਤੁਸੀਂ ਆਪਣੇ ਸਾਥੀਆਂ ਸੰਬੰਧੀਆਂ ਦੀ ਖ਼ੁਸ਼ੀ ਖ਼ਾਤਰ ਤੇ ਅੱਖਾਂ ਨੂੰ ਚੰਗੀ ਨਾ ਲਗਣ ਵਾਲੀ ਲੋਹੇ ਦੀ ਕੜਾਹੀ ਨੂੰ ਤਲਾਕ ਦੇਣ ਲਗੇ ਹੋ ਅਤੇ ਇਸ ਦੀ ਥਾਂ ਸਟੇਨਲੈਸ ਸਟੀਲ ਜਾਂ ਅਲਮੀਨੀਅਮ ਦੀ ਚਿੱਟੀ ਚਮਕ ਉਤੇ ਮੋਹਤ ਹੋ ਕੇ ਅਜਿਹੇ ਬਰਤਨ ਅਪਨਾਉਣ ਲਗੇ ਹੋ ਤਾਂ ਅਸੀਂ ਤੁਹਾਨੂੰ ਸਲਾਹ ਦਿਆਂਗੇ ਕਿ ਅਜਿਹਾ ਨਾ ਕਰੋ।

ਉਪਰੋਕਤ ਲੇਖ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਮਨੁੱਖੀ ਸਰੀਰ ਦੀ ਅਰੋਗਤਾ ਤੇ ਬਲਵਾਨ ਕਰਨ ਵਾਲੀ ਸ਼ਕਤੀ ਲਈ ਖ਼ੁਰਾਕ ਵਿਚ ਸਰਬ-ਲੋਹ ਦਾ ਮਿਸ਼ਰਤ ਹੋਣਾ ਕਿੰਨਾ ਜ਼ਰੂਰੀ ਹੈ। ਅਜ ਦੇ ਸਾਇੰਸਦਾਨਾਂ ਨੂੰ ਹੁਣ ਸੋਝੀ ਆਈ ਹੈ ਕਿ ਲੋਹ-ਸ਼ਕਤੀ ਮਨੁਖੀ ਸਰੀਰ ਲਈ ਅਤਿ ਜ਼ਰੂਰੀ ਹੈ। ਪਰ ਅਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ ਸਰਬ ਕਲਾਂ ਪ੍ਰਬੀਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਸਮੇਂ ਹੀ ਸਰਬ-ਲੋਹ ਨੂੰ ਧਾਰਮਕ ਅਸੂਲਾਂ ਦਾ ਅੰਗ ਬਣਾ ਦਿਤਾ ਸੀ ਅਤੇ ਸਰਬ ਲੋਹ-ਦੀ ਵਰਤੋਂ ਨੂੰ ਪਰਚਲਤ ਕੀਤਾ।

ਦਸਮੇਸ਼ ਪਿਤਾ ਜੀ ਦੇ ਸਰਬ-ਲੋਹ ਨੂੰ ਵਿਸ਼ੇਸ਼ ਮਹੱਤਤਾ ਦੇਣ ਬਾਰੇ ਐਡਮੰਡ ਕੈਂਡਲਰ ਦੀ ਲਿਖੀ ਪੁਸਤਕ The mantle of the East (ਦੀ ਮੈਨਟਲ ਆਫ਼ ਦੀ ਈਸਟ) ਦੇ ਪੰਨਾ ੧੨੦-੧੨੧ ਤੇ ਲਿਖੇ ਲੇਖ ਦਾ ਪੰਜਾਬੀ ਅਨੁਵਾਦ ਇਉਂ ਹੈ-

"(ਸ੍ਰੀ) ਗੁਰੂ ਗੋਬਿੰਦ ਸਿੰਘ (ਜੀ) ਨੇ ਸਰਬ-ਲੋਹ ਨੂੰ (ਆਤਮਕ ਉਚਤਾ ਪ੍ਰਾਪਤ ਕਰਵਾਉਣ ਵਾਲੀਆਂ ਵਸਤਾਂ ਵਿਚੋਂ ਸਮਝਦੇ ਹੋਏ) ਧਾਰਮਿਕ ਚਿੰਨ੍ਹਾਂ ਵਿਚ ਦਾਖ਼ਲ ਕਰ ਕੇ ਆਪਣੇ ਆਪ ਨੂੰ ਇਕ ਦੂਰ-ਅੰਦੇਸ਼ ਤੇ ਸਿਆਣਾ ਆਗੂ ਸਿਧ ਕੀਤਾ। ਉਨ੍ਹਾਂ ਸਾਰੀਆਂ ਮਾਦੀ ਵਸਤਾਂ ਵਿਚੋਂ ਜਿਨ੍ਹਾਂ ਨੂੰ ਆਤਮਕ ਮੰਡਲ ਵਿਚ ਵਿਸ਼ੇਸ਼ ਅਰਥ ਰਖਣ ਵਾਲੀਆਂ ਸਮਝਿਆ ਗਿਆ ਹੈ, ਸਰਬ-ਲੋਹ ਸਭ ਤੋਂ ਵਧੀਕ ਆਪਣੇ ਆਪ ਵਿਚ ਤੇ ਦੂਜਿਆਂ ਨੂੰ ਸਥਿਰ ਰਖਣ ਵਾਲੀ ਚੀਜ਼ ਹੈ।... ਕਈ ਮਤਾਂ ਵਿਚ ਸਿਰਫ ਇਸੇ (ਸਰਬ ਲੋਹ) ਨੂੰ ਊਣਤਾਈਆਂ ਦੂਰ ਕਰਨ ਵਾਲੀ ਵਸਤੂ ਮੰਨਿਆ ਹੈ। ਖ਼ਾਲਸੇ ਦੇ ਸਾਹਮਣੇ ਇਸ (ਸਰਬ=ਲੋਹ) ਨੇ ਇਕ ਆਦਰਸ਼ ਰਖਿਆ ਅਤੇ ਇਹਨੂੰ (ਖ਼ਾਲਸੇ ਨੂੰ) ਇਕ ਕੌਮੀਅਤ ਦੇ ਸੰਚੇ ਖਿਚ ਢਾਲਿਆ।"

(੧) ਦਸਮੇਸ਼ ਪਿਤਾ ਨੇ ਆਪਣੇ ਸਾਜੇ ਨਿਵਾਜੇ ਖ਼ਾਲਸੇ ਨੂੰ ਆਤਮਕ ਤੌਰ ਤੇ ਉਚਿਆਂ ਕਰਨ ਲਈ ਅਤੇ ਸਰੀਰਕ ਤੌਰ ਤੇ ਬਲਵਾਨ ਤੇ ਨਿਰਭੈ ਬਣਾਉਣ ਲਈ ਜੋ ਅੰਮ੍ਰਿਤ-ਬਾਟਾ ਤਿਆਰ ਕੀਤਾ ਉਹ ਸਰਬ-ਲੋਹੀ ਸ਼ਕਤੀ ਨਾਲ ਭਰਪੂਰ ਸੀ। ਬਾਟਾ ਵੀ ਸਰਬ-ਲੋਹ ਦਾ

ਸੂਰਾ

ਅਤੇ ਖੰਡਾ ਵੀ ਸਰਬ-ਲੋਹ ਦਾ। **ਬਾਟੇ ਵਿਚ ਖੰਡੇ ਦੀ** ਲਗਾਤਰ ਰਗੜ ਨਾਲ ਘਸ ਘਸ ਕੇ ਬਾਟੇ ਵਿਚ ਪਾਏ ਹੋਏ ਜਲ ਵਿਚ ਸਰਬ-ਲੋਹੀ ਅੰਸ਼ ਪਰਵੇਸ਼ ਕਰਦੀ ਹੈ ਅਤੇ ਇਹ ਅੰਮ੍ਰਿਤ ਜਲ ਛਕਣ ਵਾਲਿਆਂ ਦੇ ਦਿਲ-ਦਿਮਾਗ ਨੂੰ ਤਾਕਤ ਬਖ਼ਸ਼ਦੀ ਹੈ।

(੨) ਦਸਮੇਸ਼ ਜੀ ਨੇ ਜੋ ਪੰਜ ਕਕਾਰ ਖ਼ਾਲਸੇ ਨੂੰ ਧਾਰਨ ਕਰਵਾਏ ਉਨ੍ਹਾਂ ਵਿਚੋਂ ਇਕ ਕਕਾਰ ਸਰਬ-ਲੋਹ ਦਾ ਕੜਾ ਹੈ। ਇਸ ਸਰਬ-ਲੋਹੀ ਕੜੇ ਦੀ ਘਾਸ ਨ,ਲ ਸਹਿਜੇ ਹੀ ਹਰ ਵੇਲੇ ਲੋਹ-ਸ਼ਕਤੀ ਵੀਣੀ ਦੀਆਂ ਨਾੜੀਆਂ ਤੇ ਪੌਠਿਆਂ ਰਾਹੀਂ ਸਰੀਰ ਅੰਦਰ ਸਿੰਚਰਦੀ ਰਹਿੰਦੀ ਹੈ।

(੩) ਗੁਰੂ ਕੇ ਲੰਗਰਾਂ ਵਿਚ ਸਰਬ-ਲੋਹੀ ਦੇਗਾਂ, ਸਰਬ-ਲੋਹੀ ਪਰਾਤਾਂ ਅਤੇ ਹੋਰ ਸਰਬ-ਲੋਹੀ ਬਰਤਨਾਂ ਵਿਚ ਦਾਲੇ ਭਾਜੇ ਰਿੰਨ੍ਹਣ ਪਕਾਣ ਤੇ ਖਾਣ ਨਾਲ ਲੋਹ-ਅੰਸ਼ ਬਹੁਤ ਵਡੀ ਮਾਤਰਾ ਵਿਚ ਖ਼ੁਰਾਕ ਵਿਚ ਆਪਣੇ ਆਪ ਸ਼ਾਮਲ ਹੋ ਜਾਂਦੀ ਹੈ। ਸਰਬ-ਲੋਹੀ ਲੰਗਰ ਦਾ ਅਸਚਰਜ ਸੁਆਦ ਛਕਣਹਾਰਿਆਂ ਨੂੰ ਅਨੰਦਤ ਕਰਦਾ ਹੈ। ਕੜਾਹ ਪਰਸ਼ਾਦ ਦੀ ਦੇਗ ਭੀ ਸਰਬ-ਲੋਹੀ ਬਰਤਨਾਂ ਵਿਚ ਹੀ ਤਿਆਰ ਕਰ ਕੇ ਲੋਹ-ਸ਼ਕਤੀ ਦਾ ਸਿੰਚਾਰ ਕੀਤਾ ਜਾਂਦਾ ਹੈ।

(੪) ਸਰਬ-ਲੋਹ ਦੀ ਮਾਲਾ ਦੀ ਸਰਬੰ-ਲੋਹੀ ਸ਼ਕਤੀ ਬਾਰੇ ਭਾਈ ਰਣਧੀਰ ਸਿੰਘ ਜੀ ਆਪਣੀ ਪੁਸਤਕ ਜੇਲ੍ਹ ਚਿਠੀਆਂ ਵਿਚ ਲਿਖਦੇ ਹਨ-" ਮੇਰੀਆਂ ਉਂਗਲੀਆਂ ਦੇ ਪੋਟਿਆਂ ਵਿਚੋਂ, ਜਿਥੇ ਦਬਾ-ਦਬ ਸਰਬ-ਲੋਹੀ ਮਾਲਾ ਦੇ ਮੋਤਿਆਂ ਦੀ ਘਾਸ ਪੈਂਦੀ ਸੀ, ਇਹੋ ਜਿਹੇ ਬਿਜਲੀ ਦੀਆਂ ਤਾਰਾਂ ਵਾਲੇ ਠੰਢੇ ਠਾਰ ਚਿੰਗਾਰੇ ਉਠੇ ਤੇ ਉਨ੍ਹਾਂ ਪੋਟਿਆਂ ਵਿਚੋਂ ਉਠ ਕੇ ਸਾਰੇ ਸਰੀਰ ਦੀ ਤਾਰ ਤਾਰ ਵਿਚ ਜਾ ਪਰਵੇਸ਼ ਹੋਏ ਕਿ ਅਗੇ ਜਿਥੇ ਜਿਗਰ (ਹਿਰਦੇ) ਅਸਥਾਨ ਤੇ ਇਕ ਖੰਡਾ ਖੜਕਦਾ ਸੀ ਹੁਣ ਉਥੇ ਹੀ ਅਨੇਕਾਂ ਖੰਡੇ ਦੇਹੀ (ਪਿੰਡੇ) ਦੇ ਤਿਲ ਤਿਲ ਮਾਤਰੀ ਖੰਡ ਖੰਡ ਵਿਚ ਖੜਕਣ ਲਗ ਪਏ।"

ਦਰ-ਅਸਲ ਸਰਬ-ਲੋਹੀ ਸਿੰਚਾਰ ਦਸਮ ਪਾਤਸ਼ਾਹ ਜੀ ਦੀ ਹੀ ਦੇਣ ਹੈ। ਅੱਜ ਦੇ ਸਾਇੰਸਵੇਤਾ ਹੁਣ ਇਸ ਪਾਸੇ ਧਿਆਨ ਮੋੜ ਰਹੇ ਹਨ ਅਤੇ ਜਿਉਂ ਜਿਉਂ ਖੋਜ ਕਰ ਕੇ ਇਨ੍ਹਾਂ ਨੂੰ ਸੋਝੀ ਆਵੇਗੀ ਤਿਉਂ ਤਿਉਂ ਦਸਮ ਪਾਤਸ਼ਾਹ ਜੀ ਦੀ ਦ੍ਰਿੜ੍ਹਈ ਸਰਬ-ਲੋਹੀ ਵਰਤੋਂ ਦੀ ਮਹਾਨਤਾ ਉਜਾਗਰ ਹੋਵੇਗੀ ਅਤੇ ਇਕ ਦਿਨ ਅਜਿਹਾ ਆਵੇਗਾ ਕਿ ਸਰਬ-ਲੋਹ ਦੀ ਵਰਤੋਂ ਨੂੰ ਸਾਰਾ ਸੰਸਾਰ ਅਪਣਾਏਗਾ। ਦਸਮੇਸ਼ ਜੀ ਦਾ ਕਥਨ ਹੈ -

ਸਰਬ ਲੋਹ ਕੀ ਰਛਾ ਹਮ ਨੈ।ਸਰਬ ਕਾਲ ਕੀ ਰਛਾ ਹਮ ਨੈ।

— — — —

ਪੰਨਾ ੩੦ ਦਾ ਬਾਕੀ

ਦੀ ਗਿਣਤੀ ੬੭ ਦਸੀ ਗਈ ਤੇ ਇਕ ਹਫਤੇ ਪਿਛੋਂ ੧੩੦ ਬਿਆਨ ਕੀਤੀ ਗਈ।

ਪੁਲਸ ਦੀ ਪੜਤਾਲ :- ਸਾਕੇ ਸਬੰਧੀ ਪੁਲੀਸ ਨੇ ਪੜਤਾਲ ਸ਼ੁਰੂ ਕੀਤੀ। ਉਸ ਵਿਚ ਸ਼੍ਰੋਮਣੀ ਕਮੇਟੀ ਨੇ ਹਰ ਪ੍ਰਕਾਰ ਪੁਲੀਸ ਦੀ ਇਮਦਾਦ ਕੀਤੀ। ਪਰ ਕਮੇਟੀ ਨੂੰ ਪੁਲੀਸ ਦੇ ਰਵੱਈਏ ਤੋਂ ਸਖ਼ਤ ਨਿਰਾਸਤਾ ਹੋਈ, ਜਿਸ ਕਰਕੇ ਉਸ ਨੇ ਪੜਤਾਲ ਵਿਚ ਹਿੱਸਾ ਲੈਣਾ ਬੰਦ ਕਰ ਦਿਤਾ। ਕਈ ਸਰਕਾਰੀ ਗਵਾਹਾਂ ਨੇ ਸਾਕੇ ਸਬੰਧੀ ਮੈਜਿਸਟ੍ਰੇਟ ਦੇ ਸਾਹਮਣੇ ਦਿਤੇ ਹੋਏ ਬਿਆਨ ਬਦਲ ਲਏ।

ਸ਼ਹੀਦੀ ਦਿਨ :- ਸ਼੍ਰੋਮਣੀ ਕਮੇਟੀ ਨੇ ੫ ਅਪ੍ਰੈਲ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾ ਦੀ **ਯਾਦ ਵਿਚ** ਸ਼ਹੀਦੀ ਦਿਨ ਮਨਾਉਣ ਲਈ ਐਲਾਨ **ਕੀਤਾ। ਸਾਰੇ** ਪੰਥ ਨੇ ਇਹ ਦਿਨ ਬੜੇ ਜੋਸ਼ **ਨਾਲ ਮਨਾਇਆ।** ਮਈ ੧੯੨੧ ਵਿਚ ਸ਼੍ਰੋਮਣੀ ਕਮੇਟੀ **ਨੇ ਇਕ ਮਤਾ ਪਾਸ** ਕਰ ਕੇ ਸਿਖ ਸੰਗਤਾਂ ਨੂੰ ਅਪੀਲ **ਕੀਤੀ** ਕਿ ਉਹ ੧੫ ਨਵੰਬਰ ੧੯੨੧ ਅਰਥਾਤ ਕਤਕ ਪੂਰਨਮਾਸ਼ੀ ਦੇ ਗੁਰਪੁਰਬ ਤਕ ਸ਼ਹੀਦਾ ਦੀ ਯਾਦ ਵਿਚ ਕਾਲੇ ਦਸਤਾਰੇ ਸਜਾਉਣ। ਨਨਕਾਣੇ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ। ਜਿਹੜਾ ਸਿਖ ਦਰਸ਼ਨ ਕਰਨ ਜਾਂਦਾ ਸੀ, ਸੇਵਾਦਾਰ ਉਸ ਦੀ ਦਸਤਾਰ ਕਾਲੀ ਰੰਗ ਦੇਂਦੇ ਸਨ। ਉਸ ਦਿਨ ਤੋਂ ਕਾਲੀ ਦਸਤਾਰ ਅਕਾਲੀਆਂ ਦੀ ਪੁਸ਼ਾਕ ਦਾ ਅੰਗ ਬਣ ਗਈ। ਪਹਿਲਾਂ ਕਾਲਾ ਦਸਤਾਰਾਂ ਜਾਂ ਨੀਲਾ ਬਾਣਾ ਨਿਹੰਗ ਸਿੰਘ ਰਖਦੇ ਸਨ।

— — — —

ਗੁਰਬਾਣੀ ਦਾ ਸੁਣਨ ਮਾਤਰ ਹੀ ਕੋਟਾਨ ਕੋਟਿ ਪੁੰਨ ਕਰਮ ਦੀ ਤੁਲਤਾ ਰਖਦਾ ਹੈ ਅਤੇ ਕੋਟਿ ਫਲ ਪਰਦਾਤਾ ਹੈ। ਅਤੇ ਗੁਰਮਤਿ ਬਿਧੀ ਸੰਯੁਕਤ ਜੋ ਗੁਰਮੰਤ੍ਰ ਰੂਪ ਗੁਰੂ ਦੇ ਬਚਨ ਨੂੰ ਬਾਰੰਬਾਰ ਅਭਿਆਸ ਦੁਆਰਾ ਸਿਮਰਨ ਚਿੰਤਨ ਕੀਤਾ ਜਾਵੇ, ਤਦ ਮਾਇਆ ਰੂਪੀ ਸਭ ਬੰਧਨਾਂ ਦਾ ਬਿਨਾਸ ਹੋ ਜਾਂਦਾ ਹੈ।

ਕੋਟਿ ਪੁੰਨ ਸੁਣਿ ਹਰਿ ਕੀ ਬਾਣੀ।।
ਕੋਟਿ ਫਲਾ ਗੁਰ ਤੇ ਬਿਧਿ ਜਾਣੀ।।੩।।
ਮਨ ਅਪੁਨੇ ਮਹਿ ਫਿਰਿ ਫਿਰਿ ਚੇਤ।।
ਬਿਨਸਿ ਜਾਇ ਮਾਇਆ ਕੇ ਹੇਤ।।....੪।।੬।।

ਗਉੜੀ ਮ: ੫, ਪੰਨਾ ੨੩੯

("ਗੁਰਮਤਿ ਬਿਬੇਕ "ਪੁਸਤਕ ਵਿਚੋਂ)


www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੦-ਕਾਰਣੁ ਕਰਤੇ ਵਸਿ ਕਰਮ

(ਲੜੀ ਜੋੜਨ ਲਈ ਦੇਖੋ ਸੂਰਾ ਜਨਵਰੀ ੯੮) ,

ਜਿਵੇਂ ਕਰਮਾਂ ਦਾ ਫਲ ਕਰਤੇ ਦੇ ਵਸਿ ਹੈ ਤਿਵੇਂ ਅਨੇਕ ਕਰਮਾਂ ਦਾ ਕਾਰਣੁ ਭੀ ਕਰਤੇ ਦੇ ਵਸਿ ਹੀ ਹੁੰਦਾ ਹੈ। ਕਈਆਂ ਹਾਲਤਾਂ ਵਿਚਿ ਫਲ ਹੀ ਕਾਰਣੁ ਰੂਪ ਹੋ ਜਾਂਦਾ ਹੈ। ਓਹੋ ਕਾਰਣ ਹੀ ਕਰਤੇ ਪੁਰਖ ਦੀ ਰਜ਼ਾ ਅਨੁਸਾਰ ਜੀਵਾਂ ਤੋਂ ਕਰਮੁ ਕਰਾਉਂਦਾ ਹੈ। ਸਤਿਗੁਰੂ ਦੇ ਭਾਣੇ ਚਲਣ ਵਾਲਿਆਂ ਅਰਥਾਤ ਗੁਰੂ ਕਰਤਾਰ ਦੀ ਰਜ਼ਾ ਅਨੁਸਾਰ ਚਲਣ ਵਾਲਿਆਂ ਦੀ ਵਡਿਆਈ ਵਡੀ ਹੋ ਜਾਂਦੀ ਹੈ। ਜਿਸ ਜਨ ਦੀ ਵਡਿਆਈ ਵਡੀਰੀ ਜਾਂਦੀ ਹੈ ਤਿਸ ਉਤਮ ਹਰਿ ਜਨ ਦੇ ਹਿਰਦੇ ਵਿਚਿ ਹਰਿ ਨਾਮ ਉਤਮਤਾ ਸਹਿਤ ਵਸਿ ਜਾਂਦਾ ਹੈ। ਉੱਤਮਤਾ ਸਹਿਤ ਨਾਮ ਮਨਿ ਵਸਣ ਦੀ ਦਾਤਿ ਅੱਤ ਵਡੀ ਹੈ। ਜਿਸ ਨੂੰ ਕੋਈ ਮੇਟ ਨਹੀਂ ਸਕਦਾ। ਦੇਵਨਹਾਰ ਜਿਸ ਨੂੰ ਦੇਵੇ ਤਿਸ ਦੇ ਉਪਰ ਕ੍ਰਿਪਾਲੂ ਦੀ ਖਾਸ ਕਿਰਪਾ ਹੁੰਦੀ ਹੈ। ਚਾਹੇ ਅਭਿਆਸੀ ਦੇ ਨਾਮ ਅਭਿਆਸ ਕਰਮਾਂ ਕਰਿ ਹੀ ਤਿਸੇ ਨੂੰ ਇਹ ਵਡਿਆਈ ਉਸ ਨੂੰ ਮਿਲਦੀ ਹੈ। ਪਰੰਤੂ ਜਿਸ ਨੂੰ ਅਪਣੀ ਕਿਰਪਾ ਕਰੇਇ ਤਿਸੇ ਨੂੰ ਇਹ ਵਡਿਆਈ ਮਿਲਦੀ ਹੈ। ਤਿਸੇ ਪਾਸੋਂ ਕਰਤਾ ਐਸੇ ਕਰਮ ਕਰਾਉਂਦਾ ਹੈ ਜੋ ਕਿਰਪਾ ਵਰਸੀਜ ਹੋਣ ਜੋ ਕਿਰਪਾ ਉਤਪਨੀਜ ਹੋਣ, ਜੋ ਕਿਰਪਾ ਪਾਤਰੀਜ ਹੋਣੇਂ। ਮੁਕਦੀ ਗਲ ਏਹ ਕਿ ਹਰ ਹਾਲਤ ਵਿਚਿ ਕਾਰਣ ਕਰਤੇ ਦੇ ਵਸਿ ਹੈ। ਪ੍ਰਾਨੀ ਉਤਮ ਜਗਿਆਸੂ ਤੋਂ ਐਸੇ ਕਰਮ ਕਰਾਉਣੇ ਜਿਨ੍ਹਾਂ ਦੇ ਕਰਨਿ ਕਰਿ ਉਸ ਉਤੇ ਕਿਰਪਾ ਹੋ ਜਾਵੇ। ਐਸੇ ਕਰਮ ਸਭ ਕਾਰਣ ਰੂਪ ਹਨ। ਐਸਾ ਕਾਰਣ ਕਰਤੇ ਵਸਿ ਹੈ। ਯਥਾ ਗੁਰਵਾਕ :-

**ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ॥**
**ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ॥**
**ਕਿਰਪਾ ਕਰੇ ਜਿਸ ਆਪਣੀ ਤਿਸੁ ਕਰਮਿ ਪਰਾਪਤਿ ਹੋਇ॥**
**ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ॥**

(ਪਉੜੀ ਸਿਰੀ ਰਾਗ ਕੀ ਵਾਰ ਮਹਲਾ ੪)

ਪਰ "ਕਾਰਣੁ ਕਰਤੇ ਵਸਿ ਹੈ" ਵਾਲੀ ਬੁਝਾਰਤ ਨੂੰ ਤੱਤ ਅਰਥਾਂ ਵਿਚਿ ਕੋਈ ਗੁਰਮੁਖ ਹੀ ਬੁਝ ਸਕਦਾ ਹੈ। ਵਾਹਿਗੁਰੂ ਸਿਮਰਨ ਦੀ ਅਭਿਆਸ ਕਮਾਈ ਦੀ ਕਰਮ ਰੂਪੀ ਸੇਵਾ ਸਦਾ ਸੁਖੁ ਦਾਤੀ ਹੈ। ਪਰ ਇਸ ਸੁਖ ਰੂਪੀ ਫਲ ਇਸ ਸੁਖ ਫਲ ਦਾ ਫਲ ਪਰਦਾਤਾ ਜਿਥੇ ਆਪਿ ਗੁਰੂ ਕਰਤਾਰ ਹੈ ਉਥੇ ਇਸ ਸੁਖ ਫਲ ਸ਼ਗੁਫਤੀ ਸਿਮਰਨ ਸੇਵਾ ਦਾ ਕਰਾਉਣਹਾਰਾ ਭੀ ਉਹ ਆਪ ਹੈ। ਤਿਸ ਸੇਵਾ ਦਾ ਕਾਰਨ ਭੀ ਕਰਤੇ ਵਸਿ ਹੈ। ਜਿਸ ਕਰ ਕੇ ਭੀ ਉਕਤ ਸੇਵਾ ਕਰਾਉਣੀ ਮਨਸੂਬ ਹੋਈ ਹੈ। ਸੇਵਾ ਸਿਮਰਨ ਦੀ ਅਧਿਕਾਰਤਾ ਉਹ ਕਰਤਾ ਪੁਰਖ ਆਪਿ ਕਰਾਉਂਦਾ ਹੈ। ਅਤੇ ਆਪ ਹੀ ਸੇਵਾ ਦਾ ਫਲ ਭੁਗਤਾਉਂਦਾ ਹੈ। ਅੱਤ ਉੱਚਾ ਹੁੰਦਾ ਹੋਇਆ ਅਲਪਗ ਮਨੁਸ਼ਾਂ ਦੀ ਪਹੁੰਚ ਤੋਂ ਅਗਮ ਅਗੋਚਰਾ ਹੁੰਦਾ ਹੋਇਆ ਭੀ ਓਹ ਗੁਰਮੁਖ ਜਨ ਤਾਈਂ ਅਪਣੇ ਅਗਮ ਅਗੋਚਰ ਸਰੂਪ ਦੀ ਲੱਖਤਾ ਕਰਾ ਦਿੰਦਾ ਹੈ। ਜਿਸ ਨੂੰ ਆਪ ਅਪਣੀ ਮੇਹਰ ਫਲ ਦੁਆਰਾ ਅਪਣਾ ਸਰੂਪ ਦਿਖਾਵੇ, ਲਖਾਵੇ ਓਹੀ ਦੇਖ ਲਖ ਸਕਦਾ ਹੈ। ਇਸ ਭੇਦ ਵਿਚਿ ਓਤਿ ਪੋਤਿ ਕਰਤੇ ਪੁਰਖ ਦਾ ਕਾਰਣ ਫਲ ਅਧਿਕਾਰਤਾ ਅਤੇ ਫਲ ਪਰਦਾਤ ਫਲ ਕਰਮਤਾ ਸੰਮਿਲਤ ਹੈ। ਜਿਨਾਂ ਦੇ ਨਾਮ ਘਟ ਅੰਦਰਿ ਵਸਿ ਜਾਂਦਾ ਹੈ ਓਹਨਾਂ ਨੂੰ ਆਪੇ ਹੀ ਆਪਣਾ ਆਪ ਵੇਖਿ ਵਖਾਲਦਾ ਹੈ। ਘਟਿ ਅੰਦਰਿ ਨਾਮ ਤਿਨਾ ਦੇ ਹੀ ਵਸਦਾ ਹੈ ਜਿਨਾ ਤੇ ਉਹ ਆਪ ਅਪਣੀ ਕਿਰਪਾ ਕਰਿ ਵਸਾਉਂਦਾ ਹੈ। ਇਸ ਕਿਰਪਾ ਦਾ ਕਾਰਨ ਆਪ ਕਰਤੇ ਦੇ ਹਕਿ ਵਸਿ ਹੈ। ਤਿਸੈ ਕਾਰਨ ਕਰ ਕੇ ਹੀ ਸਿਮਰਨ ਕਮਾਈ ਦਾ ਕਰਮ ਕਮਾਲ ਨੂੰ ਪਹੁੰਚਦਾ ਹੈ। ਪਰਮਾਰਥ ਦੇ ਮਾਰਗ ਤੇ ਚਲਾ ਕੇ ਆਪਿ ਹੀ ਜਗਿਆਸੂ ਜਨਾ ਨੂੰ ਜੀਵਾਉਂਦਾ ਹੈ, ਨਵ ਜੀਵਨਾ ਜੀਵਨ ਬਖਸ਼ਦਾ ਹੈ। ਆਪ ਹੀ ਉਸ ਮਾਰਗ ਤੋਂ ਘੁਸਾ ਕੇ ਪਰਮਾਰਥ ਵਲੋਂ ਇਕ ਪ੍ਰਕਾਰ ਓਹਨਾਂ ਨੂੰ ਮਾਰਿ ਹੀ ਘਤਦਾ ਹੈ। ਯਥਾ ਗੁਰਵਾਕ :-

"ਆਪੇ ਮਾਰੇ ਆਪਿ ਜੀਵਾਏ॥ ਆਪੇ ਮੇਲੇ ਮੇਲਿ ਮਿਲਾਏ॥ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ॥ਆਪੇ ਊਚਾ ਊਚੋ ਹੋਈ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ॥ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ॥(੧੨੫-੨੬)

(ਮਾਝ ਮਹਲਾ ੩)

ਮਾਰਨਹਾਰਾ ਤੇ ਰਾਖਨਹਾਰਾ ਇਕੋ ਕਰਤਾ ਪੁਰਖ ਵਾਹਿਗੁਰੂ ਹੀ ਹੈ। ਮਾਨਸ ਦੇ ਹਥਿ ਏਹਨਾਂ ਦੋਹਾਂ ਗਲਾਂ ਵਿਚੋਂ ਕੋਈ ਗਲ ਭੀ ਨਹੀਂ। ਮਾੱਨੁਖ ਨੂੰ ਤਾਂ ਇਹੀ ਚਾਹੀਦਾ ਹੈ ਕਿ ਉਸ ਕਰਨਕਾਰਨ ਸਮਰਥ ਦਾ ਨਾਮ ਆਪਣੇ ਕੰਠ ਵਿਚਿ ਪਰੋਈ ਰੱਖੇ। ਅਤੇ ਸਦਾ ਉਸਦਾ ਹੁਕਮ ਬੁਝ ਕੇ ਉਸ ਦੇ ਹੁਕਮ ਦੇ ਅਧੀਨ ਕੰਮ ਕਰੇ। ਦੁਖ ਸੁਖ ਦੇਵਣਹਾਰ ਕਰਨਹਾਰ ਕਰਤਾਰ ਹੀ ਹੈ ਤਾਂਤੇ ਹੋਰ ਸਭ ਕੁਛ ਤਿਆਗ ਹੋਰ ਵਿਡਾਣੀ ਟੇਕ ਵਿਸਾਰ ਕੇ ਇਕੋ ਕਰਤਾਰ ਨੂੰ ਹੀ ਚਿਤਾਰਨਾ ਸਹੀ ਹੈ ਅਤੇ ਸਚੜਾ ਗੁਰਮਤਿ ਕਰਮ ਹੈ। ਸਦਾ ਸਦਾ ਦਿਨ ਰੈਣੀ ਵਾਹਿਗੁਰੂ ਜਾਪ ਅਭਿਆਸ ਕਮਾਈ


www.AKJ.Org

ਸਭ ਤੋਂ ਊਚ ਅਤੇ ਸਭ ਤੋਂ ਸ੍ਰੇਸਟ ਨਿਰਮਲ ਕਰਨੀ ਹੈ। ਹੋਰ ਕਰਮਾਂ ਦੀ ਕਰਨੀ ਸਭ ਹੇਚ ਹੈ। ਤਾਂ ਤੇ ਸ੍ਰੇਸ਼ਟ ਸੰਤ ਜਨਾ ਨੂੰ ਆਨ ਕਾਮ ਤਿਆਗ ਕੇ ਇਹੀ ਇਕੋ ਨਾਮ ਅਭਿਆਸ ਕਮਾਈ ਰੂਪੀ ਕਰਮ ਹੀ ਕਰਨਾ ਲੋੜੀਦਾ ਹੈ। ਹਿਰਦੇ ਕਰ ਕੇ,ਸੁਆਸਾਂ ਦੁਆਰਾ ਪੂਰਨ ਗੁਰਮੰਤਰ ਵਾਹਿਗੁਰੂ ਨਾਮ ਦਾ ਬਿਲੋਵਨਾ ਬਿਲੋਵਣਾ ਮਈ ਅਭਿਆਸ ਕਮਾਈ ਸਭ ਤੇ ਭਲਾ ਸੋਭਾ ਧਨਵੰਤਨੀ ਕਰਮ ਹੈ। ਇਉਂ ਨਾਮਅਭਿਆਸ ਕਮਾਈਆਂ ਕਰਨ ਕਰਾਉਣ ਦੀ ਖੇਲ ਉਸ ਦੀ ਆਪ ਵਰਤਾਈ ਹੋਈ ਹੈ। ਗੁਰੂ ਨਾਨਕ ਸਾਹਿਬ ਇਰਸ਼ਾਦ ਕਰਦੇ ਹਨ ਕਿ ਕਰਨੇਹਾਰ ਹੋਰ ਦੂਜਾ ਕੋਈ ਨਹੀਂ ਹੇਠਾਂ ਉਪਰਿ ਉਸੇ ਦੀ ਕਲਾ ਹੀ ਵਰਤ ਰਹੀ ਹੈ। ਯਥਾ ਗੁਰਵਾਕ :-

ਮਾਰੈ ਰਾਖੈ ਏਕੋ ਆਪਿ।। ਮਾਨੁਖ ਕੈ ਕਿਛੁ ਨਾਹੀ ਹਾਥਿ।।.... ।।ਦੂਖ ਸੂਖ ਪ੍ਰਭ ਦੇਵਨਹਾਰੁ।। ਅਵਰ ਤਿਆਗਿ ਤੂੰ ਤਿਸਹਿ ਚਿਤਾਰੁ।।....ਜਪਿ ਜਨ ਸਦਾ ਸਦਾ ਦਿਨੁ ਰੈਣੀ।।ਸਭ ਤੇ ਊਚ ਨਿਰਮਲ ਇਹ ਕਰਣੀ।।...ਭਲੀ ਸੁ ਕਰਨੀ ਸੋਭਾ ਧਨਵੰਤ।।ਹਿਰਦੈ ਬਸੈ ਪੂਰਨ ਗੁਰਮੰਤ।।.......ਆਪਨ ਖੇਲ ਆਪਿ ਵਰਤੀਜਾ।। ਨਾਨਕ ਕਰਨੈਹਾਰੁ ਨ ਦੂਜਾ।। (ਸੁਖਮਨੀ ਸਾਹਿਬ)

ਤਾਂਤੇ ਸਿਮਰਨ ਦੀ ਉਚ ਕਰਨੀ ਮਈ ਕਰਮ ਗਤਿ ਸਭ ਕਰਨਹਾਰ ਕਰਤਾਰ ਦੇ ਵਸਿ ਗਤਿ ਹੈ। ਸੁਫਲ ਫਲਾਈ ਕਮਾਈ ਦੇ ਅਨੁਸਾਰ ਹੀ ਕਰਮ ਦੀ ਗਤਿ ਸਭ ਕਰਨਹਾਰ ਦੇ ਅਧੀਨ ਹੀ ਹੈ। ਕਰਦਾ ਤਾਂ ਅਭਿਆਸੀ ਜਨ ਹੀ ਹੈ ਪਰ ਫਲ ਕਰਮ ਗਤਿ ਉਸ ਦੇ ਹਥਿ ਨਹੀਂ। ਨਾਹੀ ਕਰਤਤ ਗੁਣਾ ਦਾ ਖੁਦ ਖੁਦੇਸੀ ਕਰਤਾ (ਕਰਨਹਾਰ) ਉਹ ਆਪਿ ਹੈ। ਡੋਰੀ ਕਰਤਾਰ ਦੇ ਹਥਿ ਹੈ। ਇਸ ਡੋਰੀ ਦੇ ਆਸਰੇ ਪ੍ਰਾਇਣੀ ਕਰਮ ਉਤਮ ਅਭਿਆਸੀ ਕਰਦੇ ਹਨ। ਹਮੋ ਹਮਤੀ ਮਤਸਰੀ ਦਾਅਵਾ ਓਹਨਾਂ ਦਾ ਕਖ ਭੀ ਨਹੀਂ। ਜੇ ਹੋਵੇ ਤਾਂ ਹਰ ਕੋਈ ਅਭਿਆਸ ਨਾ ਕਰਨ ਲਗ ਜਾਵੇ। ਜਿਸ ਨੂੰ ਉਹ ਅਪਣੀ ਕਿਰਪਾ ਕਰਿ ਕਰਾਉਂਦਾ ਹੈ ਸੋਈ ਕਰਦਾ ਹੈ। ਇਹ ਕਿਰਪਾ ਮਈ ਕਾਰਨ ਕਰਤੇ ਦੇ ਵਿਤਿ ਹੈ। ਕਈ ਅਗਿਆਨੀ ਮੂਰਖ ਲੋਗ ਇਸ ਉਪਰਲੇ ਗੁਰ ਪ੍ਰਮਾਣ ਵਿਚਿ ਦਿਤੀਆਂ ਪਹਿਲੀਆਂ ਦੋਹਾਂ ਤੁਕਾਂ ਨੂੰ ਅਪਣੀ ਮਤਸਰ ਦੁਆਰਾ ਉਲਟਾ ਪਲਟਾ ਕੇ ਪੜ੍ਹਦੇ ਹਨ ਯਾਨੀ "ਮਾਰੈ ਰਾਖੈ ਏਕੋ ਆਪਿ।। ਮਾਨੁਖ ਕੈ ਕਿਛੁ ਨਾਹੀ ਹਾਥਿ।।"ਦੇ ਥਾਉਂ "ਕਰੈ ਕਰਾਵੈ ਆਪੇ ਆਪ।।ਮਾਨੁਖ ਕੈ ਕਿਛੁ ਨਾਹੀ ਹਾਥਿ।।"ਪੜ੍ਹਦੇ ਪਰਮਾਣਦੇ ਹਨ ਅਤੇ ਅਪਣੀ ਮਨ ਮਰਜ਼ੀ ਦੇ ਅਰਥ ਇਉਂ ਕਰਦੇ ਹਨ ਕਿ ਮਾੜੇ ਚੰਗੇ ਕਰਮਾਂ ਨੂੰ ਕਰਨ ਕਰਾਉਣਹਾਰਾ ਉਹ ਆਪ ਹੀ ਹੈ। ਓਹੀ ਜ਼ੁਮੇਵਾਰ ਹੈ। ਮਾਨੁਖ ਦੇ ਨਾ ਕੁਛ ਹਥਿ ਹੈ ਨਾ ਉਹ ਜ਼ੁਮੇਵਾਰ ਠਹਿਰਾਇਆ ਜਾ ਸਕਦਾ ਹੈ। ਐਸੇ ਅਰਥ ਕਰਨਾ ਓਹਨਾਂ ਦੀ ਮੂੜ੍ਹ ਮਤਿ ਹੈ। ਮਾੜੇ ਕੰਮਾਂ ਦੇ ਕਰਨ ਦੀ ਦੇਣਦਾਰੀ ਤੋਂ ਬਚਣ ਲਈ ਉਹ ਐਸਾ ਪਰਮਾਣਕ ਅਰਥ ਜਾਣ ਬੁਝ ਕੇ ਦਿੰਦੇ ਹਨ। ਨਾਲੇ ਮੰਦੇ ਕਰਮ ਕਰੀ ਭੀ ਜਾਂਦੇ ਹਨ। ਮੰਦੇ ਪਾਪ ਕਰਮ ਕਰਦੇ ਹੋਏ ਅਪਣੇ ਆਪ ਨੂੰ ਏਹਨਾਂ ਕਰਮਾਂ ਦੀ ਕਰਨੀ ਤੋਂ ਨਿਰਲੇਪ ਅਤੇ ਨਿਸਪਾਪ ਸਿਧ ਕਰਨ ਲਈ ਓਹ ਇਉਂ ਪਰਮਾਣ ਦਿੰਦੇ ਹਨ। ਚੰਗੇ ਕਰਮਾਂ ਦਾ ਸੇਹਰਾ ਆਪ ਲੈਣਾ ਮੰਗਦੇ ਹਨ। ਓਹ ਮੰਦ ਕਰਮੀ ਪੁਰਸ਼ ਜੋ ਮੰਦ ਕਰਮ ਕਰਦੇ ਹਨ। ਏਹ ਪਿਛੋਂ ਭੀ ਓਹਨਾਂ ਦੇ ਪਿਛਲੇ ਕੀਤੇ ਪਾਪਾਂ ਦਾ ਫਲ ਹੈ ਅਤੇ ਅੱਗੇ ਨੂੰ ਭੀ ਏਹਨਾਂ ਕੀਤੇ ਮੰਦ ਕਰਮਾਂ ਦਾ ਫਲ ਓਹਨਾਂ ਨੂੰ ਹੀ ਖੁਦ ਭੁਗਤਣਾ ਪਏਗਾ। ਮੰਦ ਕਰਮਾਂ ਦਾ ਫਲ ਦੇਣਹਾਰ ਦੋਹਾਂ ਹਾਲਤਾਂ ਵਿਚਿ ਆਪਿ ਕਰਤਾ ਪੁਰਖ ਕਰਤਾਰ ਹੈ। ਪੂਰਬਲੇ ਮੰਦ ਕਰਮਾਂ ਦੀ ਭੁਗਤਾਉਣੀ ਸਜ਼ਾ ਦੇ ਸਰੂਪ ਵਿਚਿ ਉਸ ਨੂੰ ਇਸ ਅਗਲੇ ਜਨਮ ਵਿਚਿ ਭੀ ਮੰਦ ਕਰਮ ਕਰਨ ਦੇ ਹਰਬੇ ਵਿਚਿ ਉਸ ਨੂੰ ਰਖਿਆ ਜਾਂਦਾ ਹੈ। ਓਦੂੰ ਭੀ ਭੈੜੇ ਹਰਬੇ ਵਿਚਿ ਉਸ ਨੂੰ ਪਾਇਆ ਜਾਂਦਾ ਹੈ। ਐਸੇ ਹਰਬੇ ਵਿਚਿ ਪੈ ਕੇ ਜੇ ਜਾਣ ਬੁਝ ਕੇ ਓਦੂੰ ਭੀ ਵਧੇਰੇ ਭੈੜੇ ਕਰਮ ਕਰੇ ਤਾਂ ਉਸ ਦੀ ਹੋਰ ਭੀ ਭੈੜੀ ਮੰਦ ਕਰਮੀ ਇਹ ਸਮਝੀ ਜਾਵੇਗੀ। ਪਰ ਉਹ ਇਸ ਭੈੜਪਣੇ ਤੋਂ ਬਰੀਉੱਲਜ਼ੁਮਾ ਨਹੀਂ ਹੋ ਸਕਦਾ। ਉਹੀ ਭੈੜੇ ਕਰਮ ਕਰਨਹਾਰ ਗਰਦਾਨਿਆਂ ਜਾਏਗਾ ਨਾਂਕਿ ਉਸ ਦੇ ਥਾਉਂ ਹੋਰ ਕੋਈ। ਚੰਗੇ ਕਰਮ ਕਰਨੇ ਚੰਗੇ ਹੀ ਹਨ। ਓਹਨਾਂ ਦਾ ਚੰਗਾ ਫਲ ਹੀ ਐਥੇ ਓਥੇ ਉਸ ਨੂੰ ਮਿਲਦਾ ਹੈ। ਪਰ ਚੰਗੇ ਕੰਮ ਕਰਨ ਨੂੰ ਅਪਨਾਉਣ ਦਾ ਜੱਫਾ ਝੱਟ ਮਾਰ ਬੈਠਦਾ ਹੈ। ਫੇਰ ਉਸ ਨੂੰ "ਕਰੈ ਕਰਾਵੈ ਆਪੇ ਆਪਿ" ਦੀ ਤੁਕ ਘੜਨੀ ਅਤੇ ਆਪਣੇ ਆਪ ਤੇ ਘਟਾਉਣੀ ਭੁਲ ਜਾਂਦੀ ਹੈ। ਭੁੱਲ ਕੀ ਜਾਂਦੀ ਹੈ ਉਹ ਘਟਾਉਂਦਾ ਹੀ ਨਹੀਂ। ਮਨਚਲਾ ਘੇਸਲਾ ਰਹਿੰਦਾ ਹੈ। ਉਹ ਤਾਂ ਮੰਦ ਕਰਮ ਦਾ ਪਾਪ ਦੂਸ਼ਨ ਭੀ ਕਿਸੇ ਨੂੰ ਕਰਾਵਨਹਾਰਾ ਠਹਿਰਾਇ ਕੇ ਉਸੇ ਤੇ ਥਪਦਾ ਹੈ। ਅਤੇ ਅਪਣੇ ਆਪ ਨੂੰ ਨਿਰਦੋਸ਼ ਸਿਧ ਕਰਦਾ ਹੈ। ਹਰ ਪਰਕਾਰੀ ਕਰਮ ਕਰਾਉਣਹਾਰਾ ਫਲ ਰੂਪੀ ਕਾਰਨ ਕਰਤੇ ਦੇ ਵਸਿ ਹੈ। ਬੀਜ ਕਰਮੀ ਕਾਰਨ ਦਾ ਉਹ ਖੁਦ ਕਰਮ ਚੁਨਿੰਦਾ ਜ਼ੁਮੇਵਾਰ ਹੈ। ਨਿਖੜੰਮੀਆਂ ਦੁਚਰਾਂ ਡਾਹ ਕੇ ਉਹ ਜ਼ੁੰਮੇਵਾਰੀ ਤੋਂ ਬਚਦਾ ਨਹੀਂ। ਬਰੀ ਨਹੀਂ ਹੋ ਸਕਦਾ। ਕਾਰਜ ਰੂਪ ਕਰਮ ਅਤੇ ਕਾਰਨ ਰੂਪ ਦੋਹਾਂ ਦਾ ਉਹ ਆਪ ਜਵਾਬ ਦੇਹ ਹੈ। ਕਾਰਨ



www.AKJ.Org

ਕਾਰਜ ਚਾਹੇ ਖੁਦ ਕਰਦਾ ਹੈ, ਚਾਹੇ ਕਰਾਇਆ ਕਰਦਾ ਹੈ ਪਰ ਕੀਤੇ ਕਰਾਏ ਦੋਹਾਂ ਦੀ ਕਰਨੀ ਭਰਨੀ ਆਪਿ ਭਰਦਾ ਹੈ। ਕਾਰਨੀ ਕਰਮ ਚਾਹੇ ਕਰਤੇ ਵਸਿ ਹੈ ਪਰ ਓੜਕ ਉਹ ਕਾਰਨੀ ਕਰਮ ਉਸ ਦੀ ਕਰਨੀ ਦਾ ਹੀ ਸਿੱਟਾ ਹੈ। ਕਾਰਨ ਕਾਰਜ ਦਾ ਫਲ ਦੇਣਾ ਲੈਣਾ ਉਸ ਦੇ ਹਥਿ ਨਹੀਂ ਕਰਤੇ ਦੇ ਵਸਿ ਹੈ ਪਰ ਦੋਹਾਂ ਦੀ ਜ਼ਿੰਮੇਵਾਰੀ ਉਸੇ ਤੇ ਪੈਣੀ ਹੈ। ਜੇ ਕਹੇ ਮੈਂ ਕੁਛ ਨਹੀਂ ਕਰਦਾ ਜੋ ਕੁਛ ਕਰਦਾ ਕਰਾਉਂਦਾ ਹੈ ਕਰਤਾ ਹੀ ਕਰਾਉਂਦਾ ਹੈ। ਇਹ ਢਕੌਂਸਲਾ ਉਸ ਦਾ ਤਾਂ ਸੱਚਾ ਜਾਣੀਏ ਜੇ ਉਹ ਹੱਥ ਤੇ ਹੱਥ ਧਰ ਕੇ ਨਿਸਲ ਹੋ ਕੇ ਬਹਿ ਜਾਵੇ ਕੁਛ ਭੀ ਨਾ ਕਰੇ। ਪਰ ਬੈਠਦਾ ਨਹੀਂ, ਕੁਛ ਨਾ ਕੁਛ ਕਰੀ ਜਾਂਦਾ ਹੈ। ਕਰਦਾ ਹੀ ਰਹਿੰਦਾ ਹੈ। ਅਤੇ ਕਰਦਾ ਭੀ ਮੈਂ ਮੈਂ ਕਰ ਕੇ ਹੈ। ਹਰੇਕ ਕੰਮ ਵਿਚਿ ਅਪਣੀ ਮੇਰ ਅੜਾਉਂਦਾ ਹੈ। ਮੈਂ ਕਰਦਾ ਹਾਂ ਮੈਂ ਕਰਦਾ ਹਾਂ ਪਰ ਜਦ ਉਸ ਦਾ ਮੰਦ ਚੰਗ ਅਗੇ ਆਉਂਦਾ ਹੈ ਤਾਂ ਬ੍ਰਹਮ ਗਿਆਨੀ ਬਣ ਬੈਠਦਾ ਹੈ। ਆਪ ਅਛੂੱਤ ਜਾਂਦਾ ਹੈ ਅਤੇ ਕਰੇ ਕਰਾਏ ਆਪੇ ਆਪ ਦੇ ਖਰੜ ਗਿਆਨ ਦਾ ਰੇੜਕਾ ਰਿੜਕਣ ਲਗ ਪੈਂਦਾ ਹੈ। ਚੰਗੇ ਕੰਮਾਂ ਬਾਰੇ ਕਦੇ ਨਹੀਂ ਕਹਿੰਦਾ ਕਿ ਮੈਥੋਂ ਕਰਤੇ ਨੇ ਕਰਾਏ ਹਨ।

ਕਰਮ ਕਰਨ ਦੇ ਅਭਿਮਾਨੀਆਂ ਨੂੰ ਭੀ ਚੁਰਾਸੀ ਦੇ ਗੇੜ ਵਿਚਿ ਪੈਣਾ ਪੈਂਦਾ ਹੈ। ਸੋ ਜੋਹੜੇ ਕਹਿੰਦੇ ਹਨ ਤੇ ਅਭਿਮਾਨ ਕਰਦੇ ਹਨ ਕਿ ਫਲਾਣਾ ਅੱਛਾ ਕਰਮ ਮੈਂ ਕੀਤਾ ਹੈ, ਓਹ ਗੁਰਮਤਿ ਕਰਮ ਫਿਲਾਸਫੀ ਤੋਂ ਹੀਣੇ ਹੋਣ ਕਰ ਕੇ ਏਸੇ ਅਭਿਮਾਨ ਵਿਚਿ ਹੀ ਰੁੜ੍ਹੇ ਰਹਿੰਦੇ ਹਨ। ਜੇ ਓਹਨਾਂ ਨੂੰ ਮਨ ਬਚ ਕਰਮ ਕਰ ਕੇ ਇਹ ਗਲ ਦ੍ਰਿੜ੍ਹ ਹੋ ਜਾਵੇ ਕਿ ਸਚ ਮੁਚ ਜੋ ਕੁਛ ਕਰਦਾ ਕਰਾਉਂਦਾ ਹੈ ਓਹੀ ਕਰਤਾ ਪੁਰਖ ਹੀ ਮੈਂ ਤਾਂ ਕੁਛ ਭੀ ਨਹੀਂ ਕਰ ਸਕਦਾ ਤਾਂ ਉਸ ਦਾ ਕੀਤਾ ਕਰਮ ਭੀ ਲੇਖੇ ਲਗੇ। "ਹਮਰਾ ਕੀਆ ਕਛੂ ਨ ਹੋਇ।। ਕਰਿ ਹੈ ਰਾਮ ਹੋਇ ਹੈ ਸੋਇ।।" ਵਾਲੀ ਗਲ ਜੇ ਦ੍ਰਿੜ੍ਹ ਹੋ ਜਾਵੇ ਤਾਂ ਇਸ ਰੋੜ੍ਹ ਵਿਚੋਂ ਰੁੜ੍ਹਨੋਂ ਬਚ ਜਾਵੇ। ਜਿਤਨੇ ਭੀ ਆਨਮਤੀ ਕਰਮ ਹਨ ਤਿਨਾਂ ਦੇ ਕਰਨਹਾਰਿਆਂ ਦਾ ਅਹੰਕਾਰ ਹੀ ਵਧਦਾ ਹੈ। ਜੈਸਾ ਕਿ ਗੁਰਵਾਕ ਹੈ :-

ਆਪਸ ਕਉ ਕਰਮ ਵੰਤੁ ਕਹਾਵੈ।। ਜਨਮਿ ਮਰੈ ਬਹੁ ਜੋਨਿ ਭ੍ਰਮਾਵੈ।।.....।।ਕੋਟਿ ਕਰਮ ਕਰੈ ਹਉ ਧਾਰੇ।। ਸ੍ਰਮੁ ਪਾਵੈ ਸਗਲੇ ਬਿਰਥਾਰੇ।।.....।।ਕਰਨ ਕਰਾਵਨ ਕਰਨੈ ਹਾਰੁ।। ਇਸ ਕੈ ਹਾਥਿ ਕਹਾ ਬੀਚਾਰੁ।।ਜੈਸੀ ਦ੍ਰਿਸਟਿ ਕਰੇ ਤੈਸਾ ਹੋਇ।। ਆਪੇ ਆਪਿ ਆਪਿ ਪ੍ਰਭੁ ਸੋਇ।। ਜੋ ਕਿਛੁ ਕੀਨੋ ਸੁ ਅਪਨੈ ਰੰਗਿ।। ਸਭ ਤੇ ਦੂਰਿ ਸਭਹੂ ਕੈ ਸੰਗਿ।।ਬੂਝੈ ਦੇਖੈ ਕਰੈ ਬਿਬੇਕੁ।। ਆਪਹਿ ਏਕ ਆਪਹਿ ਅਨੇਕ।। ਮਰੈ ਨ ਬਿਨਸੈ ਆਵੈ ਨ ਜਾਇ।। ਨਾਨਕ ਸਦ ਹੀ ਰਹਿਆ ਸਮਾਇ।। (੨੭੮-੭੯)

(ਸੁਖਮਨੀ ਸਾਹਿਬ)

ਭਾਵ ਅਪਣੇ ਆਪ ਨੂੰ ਕਰਮਵੰਤ ਕਹਾਉਣ ਵਾਲੇ ਜਨਮ ਮਰਨ ਦੇ ਗੇੜ ਵਿਚਿ ਨ੍ਹਾਨ੍ਹਾ ਪਰਕਾਰ ਦੀਆਂ ਜੋਨੀਆਂ ਵਿਚਿ ਭਰਮਦੇ ਹਨ। ਕੋਟ ਆਨਮਤ ਕਰਮ ਕਰਨਹਾਰਿਆਂ ਦੀ ਹਉਮੈਂ ਹੀ ਵਧਦੀ ਹੈ। ਓਹਨਾਂ ਦੇ ਸਾਰੇ ਪ੍ਰੀਸ਼ਰਮ ਕੀਤੇ ਹੋਏ ਬਿਰਥੇ ਜਾਂਦੇ ਹਨ। ਆਨਮਤੀ ਕਰਮਾਂ ਦੇ ਕੀਤੇ ਪੁਰਸ਼ਾਰਥ ਸਭ ਨਿਰਾਰਥ ਹੀ ਰਹਿੰਦੇ ਹਨ। ਆਨਮਤ ਕਰਮਾਂ ਦੇ ਪੱਖੀ ਕਹਿੰਦੇ ਹਨ ਕਿ ਜੇ ਹਉਮੈ ਨਾ ਧਾਰੀ ਜਾਏ ਫੇਰ ਤਾਂ ਕਰਮ ਕੀਤੇ ਸਕਾਰਥ ਹੀ ਹੁੰਦੇ ਹਨ। ਇਹ ਗਲ ਨਹੀਂ। ਆਨਮਤੀ ਕਰਮਾਂ ਦੇ ਕਰਨ ਵਿਚਿ ਹੀ ਹਉਮੈ ਆ ਵੜਦੀ ਹੈ। ਏਹ ਸਾਰੇ ਕਰਮ ਹੀ ਹਉਮੈ ਉਪਜਾਇਕ ਹਨ। ਕੋਈ ਭੀ ਆਨਮਤੀ ਕਰਮ ਕਲਿਆਣ ਕਾਰੀ ਨਹੀਂ। ਆਨਮਤੀਆਂ ਵਾਲੇ ਕਰੋੜਾਂ ਕਰਮ ਸਭੇ ਹੀ ਬਿਰਥੇ ਹਨ। ਅਤੇ ਏਸੇ ਕਰ ਕੇ ਹੀ ਬਿਰਥੇ ਹਨ ਕਿ ਓਹਨਾਂ ਤੋਂ ਹਉਮੈ ਉਪਜਦੀ ਹੈ। ਤਾਂਹੀ ਤੇ ਕਿਸੇ ਲੇਖੇ ਨਹੀਂ ਪੈਂਦੇ। ਇਸ ਅਲਪੱਗ ਜੀਵ ਨੂੰ ਇਹ ਹੰਕਾਰ ਕਿ ਮੈਂ ਹੀ ਸਭ ਕੁਝ ਕਰਦਾ ਹਾਂ ਰਸਾਤਲ ਵਿਚਿ ਲੈ ਜਾਣ ਵਾਲਾ ਹੈ।

"ਜਬ ਇਹ ਜਾਨੈ ਮੈ ਕਿਛੁ ਕਰਤਾ।।
ਤਬ ਲਗੁ ਗਰਭ ਜੋਨਿ ਮਹਿ ਫਿਰਤਾ।।"

ਅਸਲ ਵਾਸਤਵਤਾ ਤਾਂ ਇਹੀ ਹੈ ਕਿ ਕਰਨ ਕਰਾਵਣ ਤੇ ਕਰਣੇਹਾਰ ਆਪਿ ਹੀ ਕਰਤਾਰ ਹੈ। ਇਸ ਵਿਚਾਰੇ ਅਲਪਗ ਮਾਨੁਖ ਦੇ ਕੀ ਹਥਿ ਹੈ। ਕੁਛ ਭੀ ਨਈਂ। "ਕਰਨ ਕਰਾਵਨ ਕਰਨੈਹਾਰੁ।।" ਉਹ ਆਪਿ ਹੀ ਹੈ। ਜੈਸੀ ਜੈਸੀ ਉਸ ਦੀ ਕਿਰਪਾ ਦ੍ਰਿਸਟੀ ਹੁੰਦੀ ਹੈ, ਤੈਸਾ ਹੀ ਉਹ ਹੋ ਜਾਂਦਾ ਹੈ। ਕਰਮ ਦ੍ਰਿਸਟੀ ਉਸ ਦੀ ਕ੍ਰਿਪਾ ਦ੍ਰਿਸਟੀ ਕਰ ਕੇ ਹੀ ਹੈ। ਕਰਮ ਦ੍ਰਿਸਟੀ ਦੇ ਅਧੀਨ ਹੀ ਅਲਪਗ ਜੀਵ ਕਰਮ ਕਰਦੇ ਹਨ। ਕਰਮਾਂ ਦੇ ਲੇਖੇ ਅਨੁਸਾਰ ਲੇਖੇ ਅੰਦਰਿ ਹੀ ਸਭ ਕਰਮ ਕਮਾਉਂਦੇ ਹਨ। ਤਾਂ ਹੀ ਤੇ ਕਰਤਾ ਪੁਰਖ ਕਰਨ ਕਰਾਵਨ ਕਰਨੈਹਾਰ ਹੈ। ਤਾਂ ਹੀ ਤੇ ਹੀ ਕਾਰਨ ਕਰਤੇ ਦੇ ਵਸਿ ਹਥਿ ਹੈ। ਜਿਸ ਦੇ ਅਧੀਨ ਜੀਵ ਕਰਮ ਕਰਦੇ ਹਨ। ਅਪਨੀ ਕਿਰਪਾ ਦੇ ਤ੍ਰੁੰਗ ਕਰਿ ਜੋ ਕਿਛ ਕਰਤਾ ਪੁਰਖ ਕਰਦਾ ਹੈ ਸੋ ਅਪਨੇ ਇਸ ਦ੍ਰਿਸਟਿ ਰੰਗਾਂ ਕਰਿ ਆਪਣੇ ਹੀ ਰੰਗਾਂ ਵਿਚਿ ਕਰਦਾ ਹੈ । ਅਲਪੱਗਾਂ ਨੂੰ ਸਰਬਗ ਕਰਤਾਰ ਦੇ ਦ੍ਰਿਸਟਿ ਰੰਗਾਂ ਦਾ ਕੀ ਥੌਹੁ ਪਤਾ ਲਗਦਾ ਹੈ। ਉਸ ਨੂੰ ਤਾਂ ਸਰਬਗ ਦੀ ਸਰਬੱਗਤਾ ਦਾ ਪਤਾ ਹੀ ਨਹੀਂ। ਉਸ ਨੂੰ ਤਾਂ ਇਹ


www.AKJ.Org

ਭੀ ਪਤਾ ਨਹੀਂ ਕਿ ਕਰਨੇਹਾਰ ਕਰਤਾਰ ਸਭ ਦੇ ਸੰਗਿ ਤੇ ਨੇੜੇ ਹੈ। ਦੂਰ ਹੁੰਦਾ ਹੋਇਆ ਭੀ ਸਭ ਦੇ ਨੇੜੇ ਹੈ। ਨੇੜੇ ਦੂਰ ਵਾਹਿਗੁਰੂ ਆਪੇ ਆਪਿ ਹੀ ਵਰਤਦਾ ਹੈ। ਉਹ ਕਰਨਹਾਰ ਕਰਤਾਰ ਸਾਰਿਆਂ ਦੇ ਕਰਮ ਨੂੰ ਬੁਝਦਾ ਹੈ ਅਤੇ ਭਲੀ ਭਾਂਤਿ ਬੁਝਦਾ ਹੈ। ਬੁਰੇ ਭਲੇ ਹਰੇਕ ਕਰਮ ਨੂੰ ਦੇਖਦਾ ਹੈ ਅਤੇ ਦੇਖ ਕੇ ਸਾਰ ਅਸਾਰ ਕਰਮ ਕਰਤਿਆਂ ਨੂੰ ਵੀਚਾਰਿ ਵੀਚਾਰਿ ਸਾਰਿਆਂ ਦੇ ਕਰਮਾਂ ਦਾ ਫਲ ਦਿੰਦਾ ਹੈ। ਦਿੰਦਾ ਹੀ ਨਹੀਂ ਭੁਗਤਾਉਂਦਾ ਹੈ। ਏਸੇ ਕਰ ਕੇ ਹੀ ਕਰਮ ਦਾ ਕਾਰਜ ਫਲ ਅਤੇ ਕਾਰਨ ਕਰਾਊ, ਕਾਰਨ ਉਭਰਾਊ ਕਾਰਨ ਉਪਜਾਊ (ਜਿਸ ਤੋਂ ਕਰਮ ਫੈਲਦੇ ਫਲਦੇ ਹਨ) ਬੀਜ ਕਰਤੇ ਦੇ ਹਥਿ ਵਸਿ ਹੈ। ਸਰਬਤ ਜੀਵ ਮਾਤਰ ਦਾ ਕਰਮ ਅਭਰਮ ਸੁਕਰਮ ਵੀਚਾਰੀ ਬਿਬੇਕ, ਬਿਵੇਚਨੀ ਏਕ ਤੇ ਅਨੇਕ ਰੂਪ ਹੋਇ ਵਰਤਦਾ ਹੈ। ਬੇਅੰਤ ਜੋ ਹੋਇਆ, ਬੇਅੰਤ ਕਰਮਾਂ ਦਾ ਅਤੇ ਕਰਮ ਕਰਨਹਾਰਿਆਂ ਦਾ ਲੇਖਾ ਨਿਬੇੜਦਾ ਹੈ। ਅਤੇ ਸਾਰੇ ਸਮੂਹ ਰਚਨਾ ਵਿਖੇ ਕਰਨ ਕਾਰਨ ਸਮਰਥ ਹੋ ਕੇ ਸਮਾ ਰਹਿਆ ਹੈ। ਉਸ ਦੀ ਕਰਨ ਕਾਰਨ ਸਮਰਥਤਾ ਕਦੇ ਮੁਕਦੀ ਮਰਦੀ ਨਹੀਂ। ਕਿਉਂ ਜੋ ਉਹ ਖੁਦ ਅਮਰ ਅਬਿਨਾਸੀ ਅਤੇ ਅਜੋਨੀ ਹੈ। ਕਾਲ ਚਕਰ ਵਿਚਿ ਆਏ ਨਾਸਵੰਤ ਅਤੇ ਜੂਨੀਆਂ ਵਾਲੇ ਸਗਲੇ ਜੰਤਾਂ ਦੇ ਕਾਰਨ ਕਰੰਮੀ ਲੇਖਿਆਂ ਦਾ ਸਦਾ ਸਦ ਨਿਬੇੜਨਹਾਰਾ ਹੈ। ਤ੍ਰੈਕਾਲ ਅਬਾਧ ਉਸ ਦੀ ਕਾਰਨ ਕਾਰਜ ਕਰਮਾਣੀ ਸਮਰਥਤਾ ਹੈ। ਕਰਨ ਕਰਾਵਨ ਕਰਨੈਹਾਰ ਹੋਣਾ ਉਸ ਦੀ ਸਰਬ ਕਲਾ ਸਮਰਥਤਾ ਦਾ ਸੂਚਕ ਹੈ।

ਆਪਨ ਖੇਲ ਆਪਿ ਵਰਤੀਜਾ।। ਨਾਨਕ ਕਰਨੈਹਾਰੁ ਨ ਦੂਜਾ।।ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ।।ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ।।ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ।।(੬੪੫)

ਕਰਨ ਕਾਰਨ ਸਮਰਥ ਵਾਹਿਗੁਰੂ ਦੇ ਸਤਿਗੁਰੂ ਦੀ ਬਸੀਠੀ ਨਦਰਿ ਨਦਰੀਠੀ ਵਿਚਿ ਮੇਲ ਮਿਲਾਏ ਹੋਏ ਗੁਰਮੁਖ ਜਨ ਧੁਰਿ ਪੂਰਬ ਕਰੰਮੀ ਲਿਖਤ ਅਨੁਸਾਰ ਉਸ ਦੇ ਸ੍ਵੈ ਸਰੂਪ ਵਿਚਿ ਮਿਲ ਜਾਂਦੇ ਹਨ ਅਤੇ ਮਿਲ ਕੇ ਮਿਲੇ ਹੀ ਰਹਿੰਦੇ ਹਨ। ਜੇਹੜੇ ਮਨਮੁਖ ਵਾਹਿਗੁਰੂ ਨੇ ਆਪਿ ਵਿਛੋੜੇ ਹਨ ਸੋ ਵਿਛੁੜੇ ਹੀ ਰਹਿੰਦੇ ਹਨ। ਦੂਜੇ ਭਾਇ ਦੀ ਖੁਆਰੀ ਕਰ ਕੇ। ਮਨਮੁਖਾਂ ਦੇ ਦੁਕ੍ਰਿਤ ਕਰਮਾਂ ਦੀ ਰੇਖਾ ਅਨੁਸਾਰ ਕਰਨ ਕਾਰਨ ਸਮਰਥ ਕਰਤਾ ਪੁਰਖ ਓਹਨਾਂ ਨੂੰ ਦੂਜੇ ਭਾਇ ਦੀ ਖਜਲ ਖੁਆਰੀ ਵਿਚਿ ਖਜਲ ਕੀਤੀ ਰਖਦਾ ਹੈ। ਨਾ ਓਹਨਾਂ ਦੀ ਕਰਮ ਕਰਤਬਣੀ ਕਰਤੂਤ ਮੁਕਦੀ ਹੈ ਨਾ ਇਹ ਰੇਖਾ ਮਿਟਦੀ ਹੈ। ਅਤੇ ਨਾ ਇਹ ਖੁਆਰੀ ਦੂਰ ਹੁੰਦੀ ਹੈ। ਖੁਆਰੀ ਦੂਰ ਕਰਨਾ ਅਤੇ ਦੂਜੇ ਭਾਇ ਵਿਚਿ ਖੁਆਉਣਾ ਸਭ ਕਰਮਾਂ ਦਾ ਰਸੀਠੀਆਂ ਕਰਨਹਾਰ ਕਰਤਾਰ ਕਰਤੇ ਪੁਰਖ ਦੇ ਵਸਿ ਹੈ। ਦੂਜੇ ਭਾਇ ਵਿਚਿ ਖੁਆਉਣ ਅਤੇ ਖੁਆਰ ਕਰਨ ਦਾ ਮੁਜਦ ਤਾਂ ਮਨਮੁਖਾਂ ਤੇ ਮਨਮੁਖੀ ਦੁਕ੍ਰਿਤ ਕਰਮ ਹੀ ਹਨ ਪਰ ਏਹਨਾਂ ਕਰਮਾਂ ਦਾ ਫਲ ਚਖਾਉਣਾ ਅਤੇ ਕਰਮ ਰੇਖਾ ਦਾ ਮਿਟਾਉਣਾ ਕਰਨ ਕਾਰਨ ਸਮਰਥ ਕਰਤੇ ਪੁਰਖ ਦੇ ਹਥਿ ਹੈ। ਪੂਰਬਲੇ ਜਨਮ ਦਾ ਵੱਟਾ ਜੋ ਕੁਛ ਮਿਲਦਾ ਹੈ ਸੋ ਕਰਮਾਂ ਕਰ ਕੇ ਮਿਲਦਾ ਹੈ। ਵਿਣ ਕਰਮਾਂ ਐਵੇਂ ਕੁਛ ਨਹੀਂ ਪਾਈਦਾ ਪੂਰਬਿ ਲਿਖਿਆ ਹੀ ਕਮਾਈਦਾ ਹੈ। ਪੂਰਬ ਦੇ ਲਿਖੇ ਕਰਮਾਂ ਅਨੁਸਾਰ ਹੀ ਵੱਟੇ ਵਜੋਂ ਕਰਨੀ ਕਿਰਦਾਰ ਦੇ ਸਿਲੇ ਵਜੋਂ ਸਜ਼ਾ ਜਜ਼ਾ ਵਜੋਂ ਅਗੇ (ਅਗਲੇ ਜਨਮ ਵਿਚਿ) ਕਰਮ ਕਮਾਉਣੇ ਪੈਂਦੇ ਹਨ। ਕਰਮਾਂ ਦੀ ਕਮਾਈ ਦਾ ਇਹ ਸਿਲਸਿਲਾ ਮੁਕਦਾ ਹੀ ਨਹੀਂ। ਕਰਮਾਂ ਦੇ ਕਰਨ ਕਰਾਉਣ ਦੇ ਗੇੜ ਵਿਚਿ ਪਾਉਣਾ ਕਾਰਨ ਕਰਨ ਸਮਰਥ ਵਾਹਿਗੁਰੂ ਦੇ ਵਸਿ ਹੀ ਹੈ।

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ।।ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ।।੧।।ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ।। ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ।। ੧।। ਰਹਾਉ।।ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ।। ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸਿ ਨਿਰਾਲੀ।।੨।। ਜੀਅ ਜੰਤ ਸਭਿ ਤੇਰੇ ਕੀਤੇ ਘਟਿ ਘਟਿ ਤੁਹੀਂ ਧਿਆਈਐ।। ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ।।੩।। ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ।।ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ।।੪।।੬।।੫੩।। (੭੪੮) (ਸੂਹੀ ਮ: ੫)

ਵਿਆਖਿਆ :- ਜਦੋਂ ਇਹ ਦ੍ਰਿਸਟਮਾਨ ਆਕਾਰ ਪਸਾਰਾ ਪਸਰਿਆ ਹੀ ਨਹੀਂ ਸੀ ਗਇਆ, ਸ੍ਰਿਸਟੀ ਦੀ ਰਚਨਾ ਰਚੀ ਹੀ ਨਹੀਂ ਸੀ ਗਈ ਜਦੋਂ ਇਹ ਦ੍ਰਿਸ਼ਟ ਗੋਚਰੀ ਕਾਇਨਾਤ ਹੈ ਹੀ ਨਹੀਂ ਸੀ ਜਦੋਂ ਇਹ ਦਿਸਿ ਰਹਿਆ ਰਚਨਹਾਰਾ ਕੁਛ ਹੈ ਹੀ ਨਹੀਂ ਸੀ, ਰਚਨਹਾਰ ਨੇ ਰਚਿਆ ਹੀ ਨਹੀਂ ਸੀ ਇਹ ਸਾਰੀ ਰਚਨਾ ਹੋਂਦ (ਹਸਤੀ) ਵਿਚਿ ਆਈ ਹੀ ਨਹੀਂ ਸੀ ਇਹ ਚੁਰਾਸੀ ਆਵਾ ਗਵਣ (ਜੂਨੀਆਂ ਵਿਚਿ ਆਉਣਾ ਜਾਣਾ) ਦਾ ਸਿਲਸਿਲਾ ਬਣਿਆ ਹੀ ਨਹੀਂ ਸੀ ਤਦੋਂ ਇਹ ਜੀਵ ਕੀ ਕਰਦਾ ਹੁੰਦਾ ਸੀ। ਕਿਸ ਸਰੂਪ ਵਿਚਿ ਅਤੇ ਕਿਵੇਂ ਅਤੇ ਕਿਥੇ ਰਹਿੰਦਾ ਸੀ ਅਤੇ ਜਦੋਂ ਰਚਨਾ ਰਚੀ ਗਈ ਅਤੇ ਆਕਾਰ ਪਸਾਰਾ ਪਸਾਰਿਆ ਗਿਆ ਤਦੋਂ


www.AKJ.Org

ਇਹ ਜੀਵ ਪਹਿਲਾਂ ਜੋਨੀ ਵਿਚਿ ਆਇਆ ਤਾਂ ਕਿਵੇਂ ਆਇਆ ਕੇਹੜੇ ਕਰਮ ਕਰ ਕੇ ਆਇਆ ? ਇਸ ਦਾ ਠੀਕ ਉਤਰ ਇਹੀ ਹੈ ਕਿ ਜਿਸ ਠਾਕੁਰ ਨੇ ਇਹ ਰਚਨ ਪਸਾਰਾ ਆਕਾਰ ਰਚਨਾਰਾ ਰਚਿਆ ਹੈ ਉਹ ਅਪਣਾ ਖੇਲ ਕਰਿ ਕਰਿ ਵੇਖਦਾ ਹੈ ਅਤੇ ਰਚੇ ਖੇਲ ਨੂੰ ਵੇਖਿ ਵੇਖਿ ਵਿਗਸਦਾ ਹੈ। ਗੁਰਮਤਿ ਅਨੁਸਾਰ ਤਾਂ ਉਤਰ ਇਹੀ ਹੈ ਕਿ :-

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।

ਸ੍ਰਿਸਟੀ ਦੀ ਰਚਨਾ ਦੇ ਕਾਰਨ ਦੀ ਅਸਲ ਹੈਅਤ ਦਾ ਅਸਲ ਜਾਣੂ ਤਾਂ ਸ੍ਰਿਸਟੀ ਦੀ ਰਚਨਾ ਨੂੰ ਸਾਜਨਹਾਰਾ ਸਿਰਜਨਹਾਰ ਕਰਤਾਰ ਹੀ ਹੈ।

"ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ।।"

ਕਰਤੇ ਪੁਰਖ ਦੀ ਰਚਨਾਵੀ ਗਤਿ ਮਿਤਿ ਨੂੰ ਕਾਦਰੇ ਮੁਤਲਕ ਦੀ ਕੁਦਰਤਿ ਨੂੰ ਉਸਦਾ ਕੀਤਾ ਹੋਇਆ ਜੰਤ ਕੀ ਜਾਣ ਸਕਦਾ ਹੈ।

"ਕਰਤੇ ਕੀ ਮਿਤਿ ਨ ਜਾਨੈ ਕੀਆ।।"

ਅਪਣੀ ਅਲਪਗਤਾ ਨੂੰ ਜਾਣਾਉਂਦੇ ਹੋਏ ਉਤਮ ਜਗਿਆਸੂ ਤਾਂ ਆਖਿ ਆਖਿ ਕਰਤੇ ਪੁਰਖ ਅਗੇ ਬਿਨੈ ਅਲਾਉਂਦੇ ਹਨ। (ਜੈਸਾ ਕਿ ਆਪਿ ਗੁਰੂ ਨਾਨਕ ਸਾਹਿਬ ਨੇ ਬਿਨੈ ਅਲਾਉਣ ਦਾ ਧੁਰਵਾ ਬੰਨ੍ਹਿਆ ਅਤੇ ਪੂਰਨਾ ਪਾਇਆ ਹੈ) ਹੇ ਮੇਰੇ ਰਾਮ, ਸਰਬਤ ਮਹਿ ਰਮਿ ਰਹੇ ਅਟੱਲ ਸ਼ਾਹ ਸੁਲਤਾਨ ਰਾਇ ਕਰਤੇ ਪੁਰਖ ਮੈਥੋਂ ਤਾਂ ਕੋਈ ਭੀ ਕਰਮ ਨਹੀਂ ਹੋ ਸਕਦਾ। ਤੂੰ ਆਪ ਹੀ ਕਰਨ ਕਾਰਨ ਸਮਰਥ ਹਹਿ ਆਪੇ ਕਰਤਾ ਹਹਿ। ਜੋ ਆਪਿ ਕਰਾਵਹਿ ਸੋਈ ਹੁੰਦਾ ਹੈ। "ਮੇਰਾ ਕੀਆ ਕਛੂ ਨ ਹੋਇ।। ਕਰਿ ਹੈ ਰਾਮੁ ਹੋਇ ਹੈ ਸੋਇ।।" ਸਾਰਿਆਂ ਦੇ ਅੰਤਰਿ ਸੋਈ ਕਰਤਾਰ ਕਰਨਹਾਰ ਵਸਿ ਰਹਿਆ ਹੈ (ਸਰਬ ਨਿਰੰਤਰਿ ਸੋਈ) ਸੋਈ ਪ੍ਰੇਰਕ ਹੋ ਕੇ ਨਿਰੰਤਰੋਂ ਹੀ ਸਭ ਕੁਛ ਕਰਦਾ ਕਰਾਉਂਦਾ ਹੈ। "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।।" ਗਣਤੀ ਗਣਿਆਂ ਕਰਮਾਂ ਦਾ ਲੇਖਾ ਕੀਤਿਆਂ ਕਿਤੇ ਭੀ ਤੇ ਕਦੇ ਭੀ ਛੁਟਕਾਰਾ ਨਹੀਂ। "ਲੇਖੇ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ।।"

ਅਲਪਗ ਕਚੀ ਦੇਹੀ ਵਾਲਿਆਂ ਦੀ ਕਚੀ ਹੀ ਅਲਪਗ ਮਤ ਹੈ। ਹੇ ਵਾਹਿਗੁਰੂ ਕਰਨਹਾਰ ਕਰਤਾਰ ਅਪਣੀ ਕਿਰਪਾ ਕਰਕੇ ਬਖਸ਼ ਲੇਹੁ। ਤੇਰੀ ਬਖਸ਼ਿਸ਼ ਨਿਰਾਲੀ ਹੈ, ਵਿਲੱਖਣੀ ਹੈ। ਤੇਰੀ ਬਖਸ਼ਿਸ਼ ਦਾ ਦਰ ਸਦਾ ਖੁੱਲਾ ਹੈ। ਤੁਧ ਜੇਵਡ ਬਖਸਿੰਦੁ ਬਖਸਨਹਾਰ ਹੋਰ ਕੋਈ ਨਹੀਂ। ਜੀਅ ਜੰਤ ਸਭਿ ਤੇਰੇ ਹੀ ਕੀਤੇ ਹੋਏ ਹਨ। ਸਰਬ ਘਟਾਂ ਦਾ ਤੂੰਹੀ ਪ੍ਰੇਰਕ ਹਹਿ ਧਿਆਨ ਧਰ ਕੇ ਦੇਖੀਏ ਤਾਂ ਤੂੰ ਸਰਬ ਘਟ ਅੰਤਰਿ ਹਾਜ਼ਰ ਜ਼ਾਹਰਾ ਦਿਸਦਾ ਹੈ। ਤੇਰੀ ਗਤਿ ਮਿਤਿ ਤੂੰਹੀ ਜਾਣਦਾ ਹੈ। ਤੇਰੀ ਕੁਦਰਤ ਦਾ ਪਾਰਾਵਾਰ ਨਹੀਂ ਲਿਆ ਜਾ ਸਕਦਾ ਨਾਂਹੀ ਕੀਮਤਿ ਪੈ ਸਕਦੀ ਹੈ, ਤੇਰੀ ਕੁਦਰਤ ਦੀ। ਮੈਂ ਗੁਣ ਹੀਣ ਹਾਂ, ਮੂਰਖ ਹਾਂ, ਗਿਆਤ ਹੀਣ ਹਾਂ, ਗਿਆਨ ਹੀਣ ਅਜਾਣ ਅਗਿਆਨੀ ਹਾਂ। ਕਰਮ ਧਰਮ ਦਾ ਸਾਰ ਨਹੀਂ ਆਉਂਦੀ ਨਾ ਕਰਮ ਕਰਨ ਦੀ ਜਾਚ ਹੈ। ਨਾ ਧਰਮੀ ਬਣ ਕੇ ਪੁੰਨ ਕਰਮ ਮਈ ਧਰਮ ਕਰਮ ਕਰਨ ਦੀ ਸੂਝ ਬੂਝ ਹੈ। ਐਸੀ ਦਇਆ ਕਰਹੁ ਕਿ ਮੈਂ ਦਿਨ ਰਾਤ ਤੇਰੇ ਗੁਣ ਗਾਈਂ ਜਾਵਾਂ। ਤੇਰਾ ਭਾਣਾ ਜੋ ਤੂੰ ਕਰਹਿ ਕਰਾਵਹਿ ਸੋ ਮੈਨੂੰ ਮਿਠਾ ਲਗੇ। "ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ।।" ਤੇਰੇ ਕੀਤੇ ਵਿਚਿ, ਤੇਰੇ ਕਰਵਾਏ ਵਿਚਿ, ਤੇਰੇ ਹੁਕਮ ਦੀ ਕਾਰ ਵਿਚਿ ਤੇਰੇ ਕਰਵਾਏ ਕਰਮ ਦੇ ਕਾਰਨ ਵਿਚਿ ਰੱਤੀ ਭੀ ਚੂੰ ਚਿਰਾਂ ਨਾ ਹੋਵੇ। ਤੇਰੀ ਆਗਿਆ ਸਤਿ ਸਤਿ ਕਰਿ ਮੰਨਣ ਤੇ ਤੇਰਾ ਭਾਣਾ ਮਿਠਾ ਕਰ ਕੇ ਮੰਨਣ ਦੀ ਕਿਰਪਾਲਤਾ ਹੋਵੇ। ਸਤਿਗੁਰੂ ਜਿਨਾ ਨੂੰ ਅਪਣੀ ਕਿਰਪਾ ਕਰ ਕੇ ਅਜੇਹੀਆਂ ਜੋਦੜੀਆਂ ਕਰਨੀਆਂ ਸਿਖਾ ਦਿੰਦਾ ਹੈ। ਉਨ੍ਹਾਂ ਉਤੇ ਜ਼ਰੂਰ ਬਖਸ਼ਿਸ਼ ਹੋ ਜਾਂਦੀ ਹੈ। ਤਿਨਾਂ ਪਾਸੋਂ ਸਦਾ ਸਾਹਿਬ ਸਿਫਤਿ ਸਾਲਾਹੀ ਕੀਰਤ ਕਰਮਾਈ ਕੰਮ ਹੀ ਕਰਾਉਂਦਾ ਹੈ। ਤਿਨਾਂ ਦੇ ਕਰਮ ਫਿਰ ਆਉਂਦੇ ਹਨ। ਤਿਨਾਂ ਤੋਂ ਫੇਰ ਮਾੜੇ ਕਰਮ ਹੁੰਦੇ ਹੀ ਨਹੀਂ। ਸਦਾ ਸੁਕ੍ਰਿਤ ਕਰਮ ਹੀ ਹੁੰਦੇ ਹਨ। ਇਉਂ ਕਾਰਨ ਕਰਤੇ ਵਸਿ ਕਰਮ ਹਨ।

ਇਸ ਅਵਸਥਾ ਵਿਚਿ ਅੰਤਰਜਾਮੀ ਵਾਹਿਗੁਰੂ ਦੀ ਪ੍ਰੇਰਨਾ ਅਨੁਸਾਰ ਹੀ ਉਹ ਕਰਮ ਕਰਦਾ ਹੈ। ਉਸ ਦੇ ਅਪਣੇ ਉਦਮ ਰਹਿ ਖੜੌਂਦੇ ਹਨ। ਉਕਤ ਪ੍ਰੇਰਤ ਕਰਮ ਕਰਨਹਾਰੇ ਜਨ ਦਾ ਕੋਈ ਵਾਹ ਵਾਸਤਾ ਨਹੀਂ ਹੁੰਦਾ। ਜਿਉਂ ਤੰਤੀ ਨਟੂਆ ਤੰਤ ਵਜਾਉਂਦਾ ਹੈ ਤਿਵੇਂ ਹੀ ਜੰਤ ਜਨ ਵਜਦੇ ਹਨ।

"ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ।।
ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ।।"

ਕਰਮਾਂ ਦਾ ਕਰਨਾ ਕਰਾਉਣਾ ਸਭ ਕਰਤੇ ਪੁਰਖ ਦੇ ਵਸਿ ਹੈ। ਕਰਤੇ ਪੁਰਖ ਤੋਂ ਮੁਨਕਰ ਨਾਸਤਕ ਲੋਗ ਬਕਦੇ ਹਨ ਕਿ ਜੀਵ ਤੋਂ ਕਰਮ ਹੀ ਸਭ ਕੁਛ ਕਰਾਉਂਦੇ ਹਨ। ਜੀਵ ਕਰਮਾਂ ਦਾ ਬੱਧਾ ਹੀ ਆਉਂਦਾ ਜਾਂਦਾ ਹੈ। ਕਰਮ ਮੁੱਕ ਜਾਣ ਤਾਂ ਜੀਉ ਦਾ ਆਉਣਾ ਜਾਣਾ ਮੁੱਕ ਜਾਂਦਾ ਹੈ। ਅਤੇ ਜੀਵ ਨਿਰਬਾਣ ਪਦ ਨੂੰ ਪ੍ਰਾਪਤਿ ਹੋ ਜਾਂਦਾ ਹੈ। ਇਹ ਬੁੱਧ ਪੰਥੀਆਂ ਦਾ ਪੱਖ ਹੈ। ਦਹਿਰੀਏ ਨਾਸਤਕ ਤਾਂ ਮਾਇਆ ਨੂੰ ਹੀ ਸਭ ਕੁਛ ਮੰਨਦੇ ਹਨ। ਓਹ ਜੀਵ ਕਲਾ ਨੂੰ ਨਹੀਂ

ਮੰਨਦੇ। ਓਹ ਕਹਿੰਦੇ ਹਨ ਮਾਇਆ ਦੇ ਪੰਜਾਂ ਤੱਤਾਂ ਕਰਿ ਹੀ ਦੇਹੀ ਸਾਜੀ ਜਾਂਦੀ ਹੈ। ਪੰਜ ਤੱਤ ਹੀ ਦੇਹੀ ਨੂੰ ਸਾਜਦੇ ਹਨ। ਦੇਹੀ ਬਿਨਸ ਗਈ ਬਸ, ਤੱਤਾਂ ਵਿਚਿ ਤੱਤ ਰਲ ਗਏ। ਨਾ ਕੁਛ ਆਉਂਦਾ ਹੈ ਨਾ ਜਾਵੰਦਾ ਹੈ। ਨਾ ਜੀਵ ਹੈ ਨਾ ਜੀਵਤ ਕਲਾ ਹੈ। ਤਿਨਾਂ ਮਾਇਆ ਦੇ ਤੱਤਾਂ ਨੂੰ ਹੀ ਸਭ ਕੁਛ ਮੰਨਣ ਵਾਲਿਆਂ ਲਈ ਤਾਂ ਪ੍ਰਸ਼ਨ ਰੂਪ ਵਿਚਿ ਇਹ ਉਤਰ ਹੈ ਕਿ "ਪੰਚ ਤਤ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ" ਜੇ ਪੰਜਾਂ ਤੱਤਾਂ ਨੇ ਆਪੋਂ ਹੀ ਆਪਸ ਵਿਚਿ ਮਿਲ ਕੇ ਅਥਵਾ ਪੰਜਾਂ ਤੱਤਾਂ ਦੇ ਆਪਸ ਵਿਚੀ ਮਿਲਨ ਕਰਿ ਕਾਇਆ ਸੁਤੇ ਹੀ ਸਾਜੀ ਜਾਂਦੀ ਹੈ। ਤਾਂ ਤੁਸੀਂ ਦੱਸੋ ਕਿ ਤੱਤਾਂ ਦਾ ਸਾਜਨਹਾਰਾ ਕੌਣ ਹੈ। ਤੱਤ ਕਿਥੋਂ ਆਏ ਅਤੇ ਕੀਹਨੇ ਬਣਾਏ। ਸਾਫ ਹੈ ਕਿ ਓਹਨਾਂ ਦਾ ਬਣਾਵਣਹਾਰਾ ਸਰਬ ਕਲਾ ਸਮਰਥ ਸਿਰਜਨਹਾਰ ਵਾਹਿਗੁਰੂ ਕਰਤਾ ਪੁਰਖ ਹੈ। ਜਿਸ ਨੇ ਅਪਣੀ ਸਰਬ ਕਲਾਵੀ ਸਮਰਥਤਾ ਕਰ ਕੇ ਅਪਣੇ ਆਪਿ ਨੂੰ ਆਪੇ ਹੀ ਸਾਜਿਆ ਹੈ "ਆਪੀਨੈ ਆਪੁ ਸਾਜਿਓ" ਉਹ ਸ੍ਵੈਪਰਕਾਸ਼ਤ ਸੈਭੰ ਕਲਾ ਕਰ ਕੇ ਅਕਲ ਕਲਾ ਸਪੰਨ ਹੈ। ਓਹਨਾਂ ਨੀਮ ਨਾਸਤਕਾਂ ਬੋਧ ਮੱਤੀ ਹੁੱਜਤੀਆਂ ਦੀ ਏਸ ਹੁੱਜਤ ਦਾ ਉਤਰ ਕਿ ਜੀਵ ਨਿਰਾ ਪੁਰਾ ਕਰਮਾਂ ਦੇ ਅਧੀਨ ਹੈ। ਕਰਮਾਂ ਦੇ ਬੰਧਨ ਵਿਚਿ ਹੀ ਕਰਮਾਂ ਦਾ ਬੱਧਾ ਹੋਇਆ ਹੀ ਜੀਵ ਭਉਂਦਾ ਫਿਰਦਾ ਹੈ ਏਹ ਹੈ "ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ।।" ਜੇ ਜੀਉ ਨੂੰ ਤੁਸੀਂ ਕਰਮ ਬੱਧ ਕਹਿੰਦੇ ਹੋ ਤਾਂ ਦਸੋ ਕਿ ਜੀਵ ਨੂੰ ਕਰਮਾਂ ਵਿਚਿ ਬੰਧਨ ਵਾਲੀ ਜੀਵਤ ਕਲਾ ਕੀਹਨੇ ਦਿਤੀ ? ਜੀਵ ਸੱਤਾ ਵਾਲੀ ਚੇਤੰਨਤਾ ਚੇਤੰਨ ਕਲਾ ਕਰਮਾਂ ਵਿਚਿ ਕਿਵੇਂ ਆਈ। ਕਿਸ ਦੀ ਦਿਤੀ ਆਈ ਕਿ ਆਪੇ ਹੀ ਆਈ ? ਕਰਮ ਆਪੇ ਹੀ ਜੀਵਤ ਕਲਾ ਸੁਪੰਨ ਯਾ ਜੀਵ-ਸੱਤਾ ਸੰਯੁਕਤ ਨਹੀਂ ਮੰਨੇ ਜਾ ਸਕਦੇ। ਅਸਲੇ ਕਰ ਕੇ ਕਰਮ ਤਾਂ ਜੀਵਨ ਕਲਾ ਹੀਨ ਨਿਪੁੰਸਕ ਹਨ। ਇਹ ਜੀਵ ਨੂੰ ਬੰਧਨ ਵਿਚਿ ਕਿਵੇਂ ਰਖ ਸਕਦੇ ਹਨ। ਹਰਗਿਜ਼ ਨਹੀਂ ਰਖ ਸਕਦੇ। ਕਰਮਾਂ ਦੇ ਅਸਲੇ ਵਿਚਿ ਕੋਈ ਚੇਤਨ ਸੱਤਾ ਯਾ ਜੀਵਤ ਕਲਾ ਨਹੀਂ। ਕਰਮਾਂ ਉਪਰ ਕਰਤੇ ਪੁਰਖ ਦਾ ਕਲਾ ਸੁਪੰਨ ਡੰਡਾ ਹੈ। ਜੀਵਾਂ ਦੀ ਪਰਾਲਬਧ ਅਨੁਸਾਰ ਜੀਵਾਂ ਤੋਂ ਕਰਮ ਕਰਾਉਂਦਾ ਹੈ ਅਤੇ ਕਰਮਾਂ ਦਾ ਨਿਬੇੜਾ ਨਿਬੇੜਦਾ ਹੈ। ਕਰਮ ਆਪੇ ਨਿਬੇੜਾ ਕੁਛ ਨਿਬੇੜ ਨਹੀਂ ਸਕਦੇ। ਬੋਧ ਮਤਿ ਕਰਮ ਫਿਲਾਸਫੀ ਅਨੁਸਾਰ ਕਰਮ ਹੀ ਜੀਵ ਨੂੰ ਨਿਰਬਾਣ ਪਦ ਦਿਵਾਉਂਦਾ ਹੈ। ਕਰਮ ਹੀ ਸਭ ਕੁਛ ਕਰਾਉਂਦਾ ਹੈ। ਬੁਧ ਮਤੀ ਕਰਮ ਫਿਲਾਸਫੀ ਏਥੇ ਫੇਅਲ ਹੈ। ਓਹ ਜੀਵ ਨੂੰ ਤਾਂ ਮੰਨਦੇ ਹਨ। ਈਸ਼ਵਰ ਨੂੰ ਨਹੀਂ ਮੰਨਦੇ। ਕਰਮ ਨੂੰ ਅਨਾਦੀ ਮੰਨਦੇ ਹਨ ਤੇ ਕਹਿੰਦੇ ਹਨ ਕਿ ਕਰਮ ਦਾ ਕੀਤਾ ਹੋਇਆ ਨਿਰਬਾਣ ਰੂਪ ਜੀਵ ਹੀ ਕੁੱਲ ਕੁੱਲਾ ਹੈ। ਗੁਰਮਤਿ ਕਰਮ ਫਿਲਾਸਫੀ ਏਹਨਾਂ ਦੋਹਾਂ ਦਹਰੀਅਤ ਵਾਲੇ ਮਤਾਂ ਨੂੰ ਸੋਧਦੀ ਪਰਬੋਧਦੀ ਹੈ ਅਤੇ ਖੰਡਨ ਰੂਪ ਨਿਖੇਧੀ ਕਰਦੀ ਹੈ। ਨਾਸਤਕ ਅਤੇ ਅੱਧ ਨਾਸਤਕ ਮਤਾਂ ਨੂੰ। ਗੁਰਮਤਿ ਨਾਮ ਦੀ ਅਚਲ ਅਭਿਆਸ ਕਮਾਈ ਦੇ ਅਟੱਲ ਪਰਤਾਪ ਨਾਲਿ ਵਾਹਿਗੁਰੂ ਸਰਬ ਵਿਆਪਕ ਅਤੇ ਸਰਬ ਕਲਾ ਸਮਰਥ ਪਰਤੱਖ ਅਤੇ ਪਰਗਟ ਪਾਹਾਰੇ ਨਜਰੀਂ ਆਵੰਦਾ ਹੈ। ਵਾਹਿਗੁਰੂ ਦੀ ਵਿਆਪਕਤਾ ਵਿਚਿ ਹੀ ਸਦ ਜੀਵ ਦੇਹੁਰੀ ਅਤੇ ਸਰਜੀਉ ਦੇਹਰੀ ਰੂਪੀ ਤਨ ਵਿਚਿ ਹੀ ਜੀਵ ਆਤਮਾ ਜੋਤਿ ਜੋਤੀਸ ਵਾਹਿਗੁਰੂ ਪਰਕਾਸ਼ਤ ਹੋ ਜਾਂਦਾ ਹੈ। " ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ।ਕਹਿ ਕਬੀਰ ਰਾਮ ਨਾਮ ਨ ਛੋਡਉ ਸਹਜੇ ਹੋਇ ਸੁ ਹੋਇ ਰੇ।।"

ਉਪਰਲੀ ਸਮੁਚੀ ਵਿਆਖਿਆ ਇਸ ਸਮੁਚੇ ਗੁਰਵਾਕ ਦੀ ਇਉਂ ਹੀ ਕੀਤੀ ਗਈ ਹੈ :-

**ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ।।ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨ ਰੇ।।ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ।।ਕਹਿ ਕਬੀਰ ਰਾਮ ਨਾਮ ਨ ਛੋਡਉ ਸਹਜੇ ਹੋਇ ਸੁ ਹੋਇ ਰੇ।।੩।।੩।।(੮੭੦)**

(ਰਾਗ ਗੌਂਡ ਬਾਣੀ ਕਬੀਰ ਜੀਉ ਕੀ)

ਸਚਮੁੱਚ ਕਰਮ ਕਰਾਉਣ ਕਾਰਨ ਕਰਤੇ ਦੇ ਹਥਿ ਵਸਿ ਹੈ। ਸੰਸਾਰੀਆਂ ਕਰਮ ਚਾਰੀਆਂ ਦੇ ਵਸਿ ਕਿਛ ਭੀ ਨਹੀਂ। **ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ।। ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ।।੨।।** (ਰਾਮਕਲੀ ਕੀ ਵਾਰ ਮਹਲਾ ੩)

ਸਚੇ ਵਾਹਿਗੁਰੂ ਇਕ ਅਕਾਲ ਪੁਰਖ ਨੇ ਦੂਹੁੰ ਵਿਚਿ ਵਿਆਪ ਰਹੀ ਦੁਨੀਆਂ ਨੂੰ ਆਪੇ ਹੀ ਕਰਮਾਂ ਦੇ ਪਾਸੇ ਲਾਇਆ ਹੋਇਆ ਹੈ। ਚੰਗੇ ਮੰਦੇ ਕਰਮਾਂ ਵਿਚਿ ਆਪਿ ਹੀ ਅਪਣੇ ਹੁਕਮ ਅਨੁਸਾਰ ਸੰਸਾਰੀਆਂ ਨੂੰ ਲਾ ਛਡਿਆ ਹੈ। ਸੰਸਾਰੀ ਕਰਮਚਾਰੀ ਉਹੀ ਕੁਛ ਕਰਦੇ ਹਨ, ਉਹੀ ਕਰਮ ਕਮਾਉਂਦੇ ਹਨ ਜੋ ਆਪਿ ਖੁਦ ਕਰਤਾਰ ਕਰਾਏ ਜਿਨਾਂ ਕਰਮਾਂ ਵਲ ਆਪਿ ਕਰਤਾਰ ਰੁਚੀ ਕਰਵਾਏ।

ਸਚੇ ਕਰਤਾਰ ਦਾ ਫੁਰਮਾਨ ਸੱਚਾ ਅਤੇ ਅਟੱਲ ਹੈ ਇਸ ਫੁਰਮਾਨ ਹੁਕਮ ਨੂੰ ਕੋਈ ਫੇਰ ਨਹੀਂ ਸਕਦਾ, ਉਲਟਾ


www.AKJ.Org

ਨਹੀਂ ਸਕਦਾ, ਮੋੜ ਨਹੀਂ ਸਕਦਾ। ਉਸ ਕਾਦਰ ਕਰਤੇ ਪੁਰਖ ਦੀ ਕੀਤੀ ਹੋਈ ਸਭ ਕੁਦਰਤ ਹੈ। ਕੁਦਰਤ ਦੇ ਬੰਦੇ ਭੀ ਸਭ ਓਸੇ ਦੇ ਕੀਤੇ ਹੋਏ ਹਨ। ਕੁਦਰਤ ਦੇ ਬੰਦਿਆਂ ਪਾਸੋਂ ਕਰਮ ਭੀ ਕਰਤਾ ਪੁਰਖ ਅਪਨੇ ਹੁਕਮ ਅਨੁਸਾਰੀ ਕਰਾਉਂਦਾ ਹੈ। ਉਹ ਕਾਰਣ ਕਰਣ ਕਰੀਮ ਹੈ। ਜਿਸ ਦੇ ਮਸਤਕਿ ਅਪਣੀ ਬਖਸ਼ਿਸ਼ ਦਾ ਕਰਮ ਨੀਸਾਣ ਪਾਉਂਦਾ ਹੈ, ਉਸੇ ਸੇਵਕ ਕਰਮਚਾਰੀ ਨੂੰ ਅਪਣੇ ਹੁਕਮ ਅਨੁਸਾਰੀ ਕਰਮਾਂ ਦੀ ਕਮਾਈ ਰੂਪੀ ਸੇਵਾ ਵਿਚਿ ਲਾਉਂਦਾ ਹੈ। ਤੱਤ ਹੁਕਮ ਰਜਾਈ ਕਰਮਾਂ ਦੀ ਸਫਲ ਕਮਾਈ ਕਰ ਕੇ ਜਿਸ ਗੁਰਮੁਖ ਦਾ ਵਾਹਿਗੁਰੂ ਦਾ ਮੇਲਾ ਕਰਾਇ ਕੈ ਅਤੇ ਸਤਿਗੁਰੂ ਤੋਂ ਗੁਰਮੰਤ੍ਰ ਦੀਖਿਆ ਦਿਵਾਇ ਕੈ ਨਾਭ ਕੰਵਲ ਵਗਸਾਉਣਾ ਹੁੰਦਾ ਹੈ ਉਸ ਨੂੰ ਦਿਨ ਰਾਤ ਜਾਗ੍ਰਤ ਅਵਸਥਾ ਵਿਚਿ ਸਾਵਧਾਨਤਾ ਸਹਿਤ ਅਤੱਟ ਅਭਿਆਸ ਕਮਾਈ ਕਰਨ ਦੀ ਦਾਤਿ ਮਿਲਦੀ ਹੈ।

**ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ।।**
**ਕਾਰਣ ਕਰਣ ਕਰੀਮ ਕੁਦਰਤਿ ਤੇਰੀਐ।।......**
**ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ।।**
**ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨ ਜਾਗਾ।।**
(ਰਾਮਕਲੀ ਕੀ ਵਾਰ ਮਹਲਾ ੫)

ਜੋ ਕੋਈ ਜਿਧਰਿ ਜਿਸ ਪਾਸੇ ਲਾਇਆ ਹੈ ਲਾਉਣਹਾਰੇ ਨੇ, ਸੋ ਪ੍ਰਾਨੀ ਓਧਰ ਹੀ ਉਸੇ ਪਾਸੇ ਲਗਦਾ ਹੈ। ਅਤੇ ਤੈਸੇ ਹੀ ਕਰਮ ਕਰਨ ਲਗ ਪੈਂਦਾ ਹੈ। ਜਿਸ ਉਤੇ ਵਾਹਿਗੁਰੂ ਦੀ ਅਤਿ ਦਰਜੇ ਦੀ ਕਿਰਪਾਲਤਾ ਹੁੰਦੀ ਹੈ। ਤਿਸ ਜਨ ਜਗਿਆਸੂ ਨੂੰ ਗੁਰੂ ਘਰ ਦੀ ਸਾਧ ਸੰਗਤਿ ਵਲ ਲਾਇ ਕੇ ਸਤਿਸੰਗਤਿ ਵਿਚਿ ਰਖਾਇ ਕੇ ਤਿਸ ਪਾਸੋਂ ਸਿਮਰਨ ਭਜਨ ਰੂਪੀ ਸੱਚਾ ਕਰਮ ਕਰਾਉਂਦਾ ਹੈ ਅਤੇ ਬ੍ਰਹਮ ਪਾਰਬ੍ਰਹਮ ਦਾ ਧਿਆਨ ਧਰਾਉਂਦਾ ਹੈ। ਗੁਰੂ ਨਾਨਕ ਦੇ ਗੁਰਮਤਿ ਧਰਮ ਮਤਿ ਗੁਰਮਤਿ ਵਾਲਾ ਧਿਆਨ ਧਿਆਨਾਉਂਦਾ ਹੈ। ਯਥਾ ਗੁਰਵਾਕ :-
**ਜਿਤੁ ਕੋ ਲਾਇਓ ਤਿਤ ਹੀ ਲਾਗਾ ਤੈਸੇ ਕਰਮ ਕਮਾਇਓ।। ਜਉ ਭਇਓ ਕ੍ਰਿਪਾਲੁ ਤਾ ਸਾਧ ਸੰਗੁ ਪਾਇਆ ਜਨ ਨਾਨਕ ਬ੍ਰਹਮੁ ਧਿਆਇਓ।।੮।।੧੮।।**
(ਮਾਰੂ ਮਹਲਾ ੫ ਘਰ ੩)

ਕਰਤੇ ਪੁਰਖ ਦੇ ਪਠਾਏ ਹੋਏ ਹੀ ਜੀਵ ਜਗਤ ਵਿਚਿ ਆਉਂਦੇ ਹਨ ਅਤੇ ਸੋਈ ਕਰਮ ਕਮਾਉਂਦੇ ਹਨ ਜੈਸਾ ਕਿ ਵਾਹਿਗੁਰੂ ਦਾ ਰਜ਼ਾਕਾਰ ਭਾਣਾ ਹੁੰਦਾ ਹੈ। ਕਰਤੇ ਪੁਰਖ ਦੀ ਰਜ਼ਾ ਤੋਂ ਬਾਹਰਿ ਕਿਛ ਭੀ ਨਹੀਂ ਹੁੰਦਾ। ਨਾ ਕਰਮ ਨਾ ਧੰਦਾ। ਤਾਂਤੇ ਕਾੜਾ ਅੰਦੇਸਾ ਕਾਹਦਾ ? ਯਥਾ ਗੁਰਵਾਕ :-
**ਤੁਮਹਿ ਪਠਾਏ ਤਾ ਜਗ ਮਹਿ ਆਏ।। ਜੋ ਤੁਧੁ ਭਾਣਾ ਸੇ ਕਰਮ ਕਮਾਏ।।ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ।।** (ਮਾਰੂ ਸੋਲਹੇ ਮਹਲਾ ੫)

ਜਿਸ ਪਾਸੇ ਏਹਨਾਂ ਅਲਪਗ ਪ੍ਰਾਨੀਆਂ ਨੂੰ ਲਾਇਆ ਹੈ ਤਿਸੇ ਪਾਸੇ ਓਹ ਲਗਦੇ ਹਨ ਅਤੇ ਤੈਹੋ ਜੇਹੇ ਹੀ ਕਰਮ ਕਮਾਉਂਦੇ ਹਨ। ਵਾਹਿਗੁਰੂ ਜਿਸ ਉਪਰ ਅਪਣੀ ਕਿਰਪਾ ਕਰਦਾ ਹੈ ਤਿਸ ਨੂੰ ਗੁਰੂ ਸਬਦ ਵਲ ਲਾ ਦਿੰਦਾ ਹੈ। ਗੁਰ ਸਬਦ ਕਮਾਈ ਉਸ ਤੇ ਕਰਾ ਕੇ ਉਸ ਨੂੰ ਬ੍ਰਹਮ ਸਰੂਪ ਸਬਦ ਵਿਖੇ ਹੀ ਸ਼ਬਦ ਦੁਆਰਾ ਬ੍ਰਹਮ ਵਿਚ ਹੀ ਸਮਾ ਲੈਂਦਾ ਹੈ ਯਥਾ ਗੁਰਵਾਕ :-
**ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ ।।ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ।।** (ਮਾਰੂ ਬਾਣੀ ਕਬੀਰ ਜੀਉ)

ਇਹ ਸੰਸਾਰ ਸਾਰਾ ਬਿਕਾਰ ਰੂਪੀ ਹੈ ਅਤੇ ਵੇਕਾਰੀ ਕਰਮ ਵਿਚਿ ਹੀ ਵੇੜ੍ਹਿਆ ਹੋਇਆ ਹੈ ਵੇਕਾਰ ਕਰਮਾਂ ਕਰਿ ਏਥੇ ਅੰਨ੍ਹੀ ਪਈ ਹੋਈ ਹੈ। ਕੋਈ ਕਿਸੇ ਨੂੰ ਵਰਜਦਾ ਨਹੀਂ। ਵਰਜੇ ਕਿਵੇਂ ਸਾਰੇ ਅੰਧੇਰ ਹੀ ਅੰਧੇਰ ਵਿਆਪਿਆ ਹੋਇਆ ਹੈ। ਇਸ ਕਰ ਕੇ ਸਗਲੀ ਲੁਕਾਈ ਹੀ ਗੁਮਰਾਹ ਹੋਈ ਫਿਰਦੀ ਹੈ। ਆਨਮਤਿ ਕਿਰਤ ਕਰੰਮੀਆਂ ਦੀ ਕੀਤੀ ਕਮਾਈ ਏਥੇ ਸਭ ਖੋਈ ਜਾਂਦੀ ਹੈ। ਏਥੇ ਤਾਂ ਬਸ ਨਾਮ ਰੂਪੀ ਰਤਨ ਦੀ ਅਭਿਆਸ ਕਮਾਈ ਰੂਪੀ ਕਰਮ ਦਾ ਹੀ ਚਾਨਣ ਹੁੰਦਾ ਹੈ। ਜਿਸ ਕਰ ਕੇ ਅਭਿਆਸੀ ਜਨ ਦੀ ਸੁਰਤੀ ਅੰਦਰਿ ਹੀ ਇਸ ਚਾਨਣ ਦਾ ਪੌਹੁ ਫੁਟਾਲਾ ਹੁੰਦਾ ਹੈ। ਪ੍ਰਚੰਡ ਸੁਰਤਿ ਗਿਆਨ ਰੂਪੀ ਲੋਈ ਫੁਟਦੀ ਹੈ। ਵਾਹਿਗੁਰੂ ਨਾਮ ਹੀ ਸਚੀ ਦਾਰੂ ਹੈ ਅਧੰਕਾਰ ਦੇ ਨਿਕਲਣ ਦੀ। ਹੋਰ ਸਰਬ ਕਰਮ ਨਾਸ ਰੂਪ ਹਨ। ਅਨਿਤ ਨਾਸ ਹੋਣ ਵਾਲੇ ਹਨ। ਇਸ ਨਾਮ ਰੂਪੀ ਕਰਮ ਦੇ ਦਾਰੂ ਰੂਪੀ ਕਾਰਨ ਦਾ ਸਫਲ ਫਲਾਰਨ ਕਾਰਨ ਦਾ ਕਰਨੇਹਾਰ ਭੀ ਵਡਾ ਅਪਾਰ ਹੈ।
**ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ।। ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ।।੧।।ਇਹੁ ਸੰਸਾਰੁ ਸਗਲ ਬਿਕਾਰੁ।।ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ।।੪।।੨।।** (ਪ੍ਰਭਾਤੀ ਮਹਲਾ ੧)

ਜੇਹੜੇ ਕਹਿੰਦੇ ਹਨ ਮੇਰਾ ਕਰਿਆ ਸਭ ਕੁਛ ਹੁੰਦਾ ਹੈ ਓਹ ਸਭ ਝੰਖ ਝੰਖਦੇ ਹਨ (ਝਖ ਮਾਰਦੇ ਹਨ) ਓਹਨਾਂ ਦਾ ਕਹਿਆ ਕੀਤਾ ਕੁਛ ਨਹੀਂ ਹੁੰਦਾ। ਕਰਮ ਕਰੀਮ ਹੀ ਛੇਕੜ ਕਰਦਾ ਹੈ। ਉਸਦਾ ਕੀਤਾ ਕੋਈ ਮੇਟ ਨਹੀਂ ਸਕਦਾ :-**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ।। ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ।।੩੨।।**

(ਚਲਦਾ)


www.AKJ.org

## ਖਾਲਸਾ ਜੀ ! ਅਸੀਂ ਕਦਾਚਿਤ ਨਹੀਂ ਭੁਲਣਾ ਕਿ :

ਸਰਬ-ਕਾਲੀ ਤੇ ਸਰਬ-ਦੇਸੀ ਭਾਵਕ-ਏਕਤਾ ਅਤੇ ਸਹਿਵਾਸ ਦਾ ਅਲਮ-ਬਰਦਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਪਣੀ ਤ੍ਰੈਕਾਲ ਸਤਿ, ਅੰਮ੍ਰਿਤ, ਸਫਲ, ਸੁਖਦਾਈ ਤੇ ਰਹੱਸਮਈ ਬਾਣੀ ਦੁਆਰਾ ਸੰਸਾਰ ਦੀ ਕੁਲ ਮਖ਼ਲੂਕ ਨੂੰ, ਇੱਕ ਸਮਾਨ ਆਦਰਸ਼ਕ ਜੀਵਨ-ਜਾਚ ਦੀ ਰਮਜ਼ ਸਮਝਾਉਂਦੇ ਅਤੇ ਇੱਕ ਤੇ ਕੇਵਲ ਇੱਕ ਅਕਾਲ ਪੁਰਖ ਵਾਹਿਗੁਰੂ ਦੇ ਲੜ ਲਾਉਂਦੇ ਹਨ। ਇਹ ਦਸਦੇ ਹਨ ਕਿ ਦੁਬਿਧਾ ਤੇ ਦੂਈ ਤੋਂ ਉਪਜੀ ਹਉਮੈਂ ਹੀ, ਅਸਲ ਵਿਚ, ਸਾਰੇ ਦੁੱਖਾਂ, ਕਲੇਸ਼ਾਂ ਤੇ ਵਿਤਕਰਿਆਂ ਦਾ ਕਾਰਨ ਹੈ। ਮਨੁੱਖ ਦੀ ਕਲਿਆਣ ਇੱਕ ਓਅੰਕਾਰੀ' ਏਕਤਾ ਨੂੰ ਧੁਰ ਹਿਰਦੇ ਵਿਚ ਵਸਾਉਣ ਵਿਚ ਹੈ। ਦੂਈ ਅਥਵਾ 'ਦੂਜਾ ਭਾਵ' ਦੋਜ਼ਖ ਹੈ- (The other is hell)। ਇੱਕ ਤੇ ਕੇਵਲ ਇੱਕ ਵਾਹਿਗੁਰੂ ਦੇ ਉਪਾਸ਼ਕ, ਸ੍ਰੀ ਗੁਰੂ ਅਰਜਨ ਦੇਵ ਜੀ, ਦਾ ਆਪਣਾ ਦੈਵੀ ਫੁਰਮਾਨ ਹੈ :

ਏਕੋ ਸੇਵੀ (ਸੇਵੀਂ), ਅਵਰੁ ਨ ਦੂਜਾ।। (ਪੰਨਾ ੧੧੩੬)

ਭਾਵਾਰਥ: ਮੈਂ ਕੇਵਲ ਇੱਕ ਪ੍ਰਮਾਤਮਾ ਨੂੰ ਸੇਂਵਦਾ (ਸਿਮਰਦਾ) ਹਾਂ ਅਤੇ ਹੋਰ ਕਿਸੇ ਦੂਜੇ ਨੂੰ ਉਸ ਤੁਲ ਨਹੀਂ ਜਾਣਦਾ (ਅਤੇ ਸਦਾ, ਆਦਿ ਗੁਰੂ ਜੀ ਦਾ ਇਹ ਉਪਦੇਸ਼ ਚਿਤਵਦਾ ਹਾਂ। ਏਕੋ ਹੈ, ਭਾਈ ਏਕੋ ਹੈ।। ਸਾਹਿਬ ਮੇਰਾ ਏਕੋ ਹੈ।।) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ, ਆਪਣੇ ਪਿਆਰੇ ਤੇ 'ਸੱਜਨ ਸੂਰੇ' ਖਾਲਸੇ ਨੂੰ ਏਸੇ ਭਾਵ ਦਾ ਅਮਰ ਉਪਦੇਸ਼ ਬਖਸ਼ਦੇ ਹਨ।

'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।'

ਤਥਾ : 'ਜਾਗਤ ਜੋਤਿ ਜਪੈ ਨਿਸਬਾਸਰ, ਏਕ ਬਿਨਾ ਮਨਿ ਨੈਕ ਨ ਆਨੈ।।' (ਅਕਾਲ ਉਸਤਤਿ)

ਐਸੇ ਸਪੱਸ਼ਟ ਸੋਧ-ਬਖਸ਼ੂ ਪੈਗ਼ਾਮ ਦੇ ਹੁੰਦਿਆਂ ਸੁੰਦਿਆਂ, ਜੇ ਕੋਈ ਬਦਕਿਸਮਤ ਰਾਹੀਂ, ਗੁਰਮੱਤ ਅਥਵਾ ' ਗੁਰੂ ਨਾਨਕ ਦੇ ਗਾਡੀ ਰਾਹ' ਤੋਂ ਉੱਖੜ ਜਾਵੇ, ਤਾਂ ਉਸ 'ਧੁਰ ਦਰਗਾਹੋਂ' ਮਾਰੇ ਦਾ ਕੀ ਇਲਾਜ ? ਅਤੇ ਜੇ ਇਹ ਪ੍ਰਚਾਰੇ ਕਿ ਪੰਚਮ ਗੁਰੂਦੇਵ 'ਹਵਾਲੇ ਵਾਲੀ ਰਚਨਾ' ਵਿਚ, ਵਾਹਿਗੁਰੂ ਦੀ ਥਾਂ, ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਅਤੇ ਸ੍ਰੀ ਦਸਮੇਸ਼ ਜੀ ਚੰਡੀ (ਸ਼ਿਵਾ, ਦੁਰਗਾ) ਅਤੇ ਸਰਸਵਤੀ ਦੇਵੀ ਵਿਚ ਈਮਾਨ ਰਖਦੇ ਤੇ ਉਸ ਨੂੰ ਪੂਜਦੇ ਹਨ, ਤਾਂ ਉਸ ਗੁਰਮੱਤ ਗਿਆਨ ਤੋਂ ਅਨਜਾਣ 'ਸਿੱਖ ਵਿਦਵਾਨ' ਦਾ ਰੱਬ ਹੀ ਰਾਖਾ ਹੈ।

(ਪ੍ਰਿੰ: ਹਰਭਜਨ ਸਿੰਘ ਜੀ (ਭਾਈ ਸਾਹਿਬ)

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਅਮਰੀਕ ਸਿੰਘ ਖੰਨਾ | ੫੦/- | ਬੀਬੀ ਜਸਬੀਰ ਕੌਰ- | ੫੦/- |
| ਸ: ਜਸਬੀਰ ਸਿੰਘ- | ੫੦/- | ਸ: ਮੋਹਨ ਸਿੰਘ- | ੧੦/- |
| ਸ: ਹਰਮੀਤ ਸਿੰਘ- | ੧੦੧/- | ਗੁਪਤ- | ੪੦/- |
| ਗੁਪਤ- | ੨੧/- | | |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਲਛਮਨ ਸਿੰਘ ਜਗਰਾਉਂ- | ੧੦੦/- | ਗੁਪਤ- | ੫੦੦/- |
| ਸ੍ਰ: ਸਰਦਾਰਾ ਸਿੰਘ- | ੫੧/- | ਸ: ਗੁਰਪ੍ਰੀਤ ਸਿੰਘ- | ੨੦੦/- |
| ਸ੍ਰ: ਦਰਸ਼ਨ ਸਿੰਘ- | ੨੦੦/- | ਬੀਬੀ ਸੰਤ ਕੌਰ- | ੫੧/- |
| ਸ੍ਰ: ਮੇਹਰ ਸਿੰਘ- | ੨੦/- | ਸ੍ਰ: ਰੂੜ ਸਿੰਘ- | ੨੦੦/- |

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

1. ਕਿਸੇ ਵੀ ਤਰਾਂ ਦੇ ਚਿੱਠੀ, ਪੱਤਰ, ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ। 2. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

## ਯੂ.ਕੇ. ਵਿਚ ਮੋਖ ਰਹਿਤ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖ਼ਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ, 11-AApollo Way PERRYBARR BIRMINGHIM - 20(U.K.)

## ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸਮਾਗਮ 11 ਤੋਂ 14 ਮਾਰਚ 1998

www.AKJ.Org

Regd. No./12245/66 SURA/FEB./98 P.O. Regd. No. PB/LD/121/97

ਪਿੰਡ ਬਡੋਏ (ਨੇੜੇ ਮੂਲਿਆਂਵਾਲ) ਗੁਰਦਾਸਪੁਰ ਵਿਖੇ ਰੈਣਿ ਸਬਾਈ ਕੀਰਤਨ 7 ਫਰਵਰੀ ਰਾਤ ਨੂੰ।

### ਪਿੰਡ ਘੁਮਾਣ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ

ਭਗਤ ਰਵੀਦਾਸ ਜੀ ਦੇ ਜਨਮ ਦਿਵਸ ਤੇ 11-2-98 ਬੁੱਧਵਾ ਰਾਤ ਨੂੰ ਰੈਣਿ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਪਿੰਡ ਘੁਮਾਣ ਵਿਖੇ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ।

### ਵੱਡਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ

ਗੁ: ਸਿੰਘ ਸਭਾ, ਅਹਿਮਦਗੜ੍ਹ (ਸੰਗਰੂਰ ਵਿਖੇ 21 ਫਰਵਰੀ 1998 ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

### ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ 26 ਫਰਵਰੀ ਤੋਂ 1 ਮਾਰਚ 1998

26 ਤੋਂ 28 ਫਰਵਰੀ ਸ੍ਰੀ ਅਖੰਡ ਪਾਠ ਸਾਹਿਬ ਤੇ ਸਵੇਰੇ ਸ਼ਾਮ ਦੋਨੋਂ ਵਕਤ ਕੀਰਤਨ ਅਖਾੜੇ ਸਜਣਗੇ। 28 ਮਾਰਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਤੇ ਰਾਤ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਸਾਰੇ ਕੀਰਤਨ ਸਮਾਗਮ, ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁ: ਸਿੰਘ ਸਭਾ ਮਾਲ ਰੋਡ ਪਟਿਆਲਾ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ

### ਬੱਸੀ ਪਠਾਣਾਂ (ਫਤਿਹਗੜ੍ਹ ਸਾਹਿਬ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਸੁਰਿੰਦਰ ਸਿੰਘ ਦੇ ਗ੍ਰਿਹਿ ਮੁਹੱਲਾ ਗਿਲਜਾਨਾ ਨੇੜੇ ਗੁ: ਕਰਤਾਰਪੁਰ ਬੱਸੀ ਪਠਾਣਾਂ ਵਿਖੇ 7 ਮਾਰਚ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

### ਪਿੰਡ ਠੇਠਕੇਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਜੋਗਿੰਦਰ ਸਿੰਘ ਦੇ ਗ੍ਰਿਹਿ ਵਿਖੇ 22 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਅਖਾੜੇ ਸਜਣਗੇ। ਅੰਮ੍ਰਿਤਸਰ ਤੋਂ 22 ਮਾਰਚ ਸਵੇਰੇ 5 ਵਜੇ ਸੰਗਤਾਂ ਦੀ ਸੇਵਾ ਲਈ ਬੱਸ ਚੱਲੇਗੀ।

### ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

21 ਮਾਰਚ 1998 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਇਕ ਵਜੇ ਤੱਕ । ਸ਼ਾਮ 7 ਵਜੇ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ

### ਯੂ: ਕੇ ਵਿਖੇ ਅਖੰਡ ਕੀਰਤਨ ਸਮਾਗਮ

21- 2-98 ਰੈਣਿ ਸਬਾਈ ਕੀਰਤਨ Gurd. Bebe Nanki Rookery RD Handsworth BIRMINGHIM ਵਿਖੇ।

ਯੂ: ਕੇ. ਵਿਖੇ ਸਮਾਗਮਾਂ ਦੀ ਬੁਕਿੰਗ ਜਾਂ ਚੰਦੇ ਆਦਿ ਭੇਜਣ ਲਈ ਹੇਠ ਪਤੇ ਤੇ ਸੰਪਰਕ ਕਰੋ :-

ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2 5JP Tel 01753-530624 Fax 01753-535803

## ਗੁਰੂ ਕਾ ਲੰਗਰ

"ਸੇਵਕ ਕਉ ਸੇਵਾ ਬਨਿ ਆਈ" ਗੁਰਵਾਕ ਦੇ ਭਾਵ ਅਨੁਸਾਰ, ਬਿਨਾਂ ਗੁਰੂ ਘਰ ਦੇ ਸੇਵਕਾਂ ਦੇ ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ ? ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਕੀ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜਿਸ ਦੀ ਸਮਦ੍ਰਿਸਟੀ ਊਚ ਨੀਚ ਉਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਜੋ ਪੂਰਨ ਧਰਮੀ ਗੁਰਮਤਿ-ਧਾਰੀ ਗੁਰੂ ਕਾ ਆਗਿਆਕਾਰੀ ਸਿੰਘ ਸੁਜਾਨ ਹੋਵੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰੂ ਕੇ ਲੰਗਰ ਵਿਚ ਊਚ ਆਤਮ ਬਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ ਸਾਮਾਨ ਸਧਾਰਨ ਰਹਿਤ ਰਹਿਣੀ ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ-ਬਰ-ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ। ਪ੍ਰੰਤੂ ਇਸ ਰਹਿਤ ਰਹਿਣੀ, ਅਰਥਾਤ, ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ ਰਹਿਣੀ, ਭਾਵ "ਸਤਿਗੁਰ ਕੇ ਜਨਮੇ ਗਵਨੁ ਮਿਟਾਇਆ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿੱਗੇ ਹੋਏ) ਤਨਖ਼ਾਹੀਆ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਓਹ ਤਨਖ਼ਾਹ ਨਾ ਬਖਸ਼ਾ ਲੈਣ ਅਤੇ ਓਹਨਾਂ ਦੀ ਲੰਗਰ ਦੀ ਸੇਵਾ ਹਿਤ ਤਿਆਰ-ਬਰ-ਤਿਆਰੀ ਦਾ ਅਰਦਾਸਾ ਨਾ ਸੁਧ ਜਾਵੇ। ਜਦ ਗੁਰੂ ਘਰ ਵਿਖੇ ਆ ਕੇ (ਜਨਮ ਕੇ) ਫੇਰ ਤਨਖ਼ਾਹੀ ਹੋਣ ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀ ਹੋ ਸਕਦਾ, ਤਦ ਗੁਰਮਤਿ ਤੋਂ ਘੁਥੇ ਉਕੇ ਅਨਮਤੀਆਂ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦ ਹੋ ਸਕਦਾ ਹੈ। ਓਹ ਕੀ ਜਾਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁਰੇ ਆਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਕੇ ਸਿਖਾਂ ਦੀ ਮੋਹਰ-ਛਾਪ ਹੈ, ਨਹੀ ਤਾਂ ਓਹ ਗੁਰੂ ਕਾ ਲੰਗਰ ਨਹੀਂ, ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਤਿਸ ਨੂੰ ਮਤ ਕਹੋ ਜਿਸ ਦੇ ਸੇਵਕਾਂ ਸਿਰ ਗੁਰੂ ਕੀ ਮੋਹਰ-ਛਾਪ ਨਹੀਂ। ਸਤਿਗੁਰ ਨਾਨਕ ਦਸਮੇਸ਼ ਜੀ ਦੇ ਘਰ ਬਾਹਰ ਜੋ ਭੀ ਲੰਗਰ ਹਨ ਸੋ ਗੁਰੂ ਕੇ ਲੰਗਰ ਨਹੀ ਕਹਾ ਸਕਦੇ।

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org